ਪੰਜਾਬ / ਹਰਿਆਣਾ / ਹਿਮਾਚਲ ਪ੍ਰਦੇਸ਼ / ਜੰਮੂ ਕਸ਼ਮੀਰ
ਰਾਜਸਥਾਨ/ ਚੰਡੀਗੜ੍ਹ / ਦਿੱਲੀ / ਐਨਸੀਆਰ

ਸਾਂਝੀ ਖ਼ਬਰ

RNI No. - PUNPUN / 2014 / 59059

ਮੁੱਖ ਸੰਪਾਦਕ :- ਪੀ ਐਸ ਮਿੱਠਾ

ਰੋਜ਼ਾਨਾ

ਸਾਂਝੀ ਖ਼ਬਰ

ਸਾਂਝ ਪੰਜਾਬੀਆਂ ਦੀ

ਵੀਰਵਾਰ, 12 ਨਵੰਬਰ / 2026 / ਅੰਕ 292 / ਪੰਨੇ 08 / ਮੁੱਲ 7 ਰੁ:

www.sanjhikhabar.com | E-mail : khabarsanjhi@gmail.com | sanjhikhabar | sanjhikahbar



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਕ ਹਜ਼ਾਰ ਹੋਰ 'ਪੇਂਡੂ ਖੇਡ ਮੈਦਾਨਾਂ' ਦਾ ਕੀਤਾ ਉਦਘਾਟਨ

ਸਾਂਝੀ ਖ਼ਬਰ

(ਸੰਦੀਪ ਸਿੰਘ)

ਫ਼ਤਹਿਗੜ੍ਹ ਸਾਹਿਬ, 11ਨਵੰਬਰ

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਭਰ ਦੇ 1,000 ਹੋਰ 'ਪੇਂਡੂ ਖੇਡ ਮੈਦਾਨ' ਲੋਕਾਂ ਨੂੰ ਸਮਰਪਿਤ ਕੀਤੇ, ਜਿਸ ਨਾਲ ਕੁੱਲ ਟੀਚੇ 3,100 ਵਿੱਚੋਂ ਹੁਣ ਤੱਕ ਉਦਘਾਟਨ ਕੀਤੇ ਗਏ ਕੁੱਲ ਮੈਦਾਨਾਂ ਦੀ ਗਿਣਤੀ 1,764 ਹੋ ਗਈ ਹੈ। ਪੰਜਾਬ ਸਰਕਾਰ ਨੌਜਵਾਨਾਂ ਦੀ ਊਰਜਾ ਨੂੰ ਖੇਡਾਂ ਵੱਲ ਲਾਉਣ ਅਤੇ ਉਨ੍ਹਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਆਪਣੀ ਮੁਹਿੰਮ ਨੂੰ ਤੇਜ਼ ਕਰ ਰਹੀ ਹੈ। ਫਤਹਿਗੜ੍ਹ ਸਾਹਿਬ ਦੇ ਹਲਕਾ ਅਮਲੋਹ ਦੇ ਪਿੰਡ ਸ਼ਾਹਪੁਰ ਵਿਖੇ ਉਦਘਾਟਨੀ ਸਮਾਰੋਹ ਵਿੱਚ ਸ਼ਾਮਲ ਹੁੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਅੰਤਰਰਾਸ਼ਟਰੀ ਖੇਡ ਪ੍ਰਤਿਭਾ ਦੇ ਹੱਬ ਵਜੋਂ ਉੱਭਰਨ ਦੀ ਨੀਂਹ ਰੱਖ ਰਿਹਾ ਹੈ, ਜਿਸ ਵਿੱਚ ਹਰ ਖੇਡ ਮੈਦਾਨ ਨੂੰ ਫੁੱਟਬਾਲ, ਹਾਕੀ, ਵਾਲੀਬਾਲ ਅਤੇ ਕ੍ਰਿਕਟ ਕਿੱਟਾਂ ਨਾਲ ਲੈਸ ਕੀਤਾ ਜਾ ਰਿਹਾ ਹੈ। ਪਿਛਲੀਆਂ ਸਰਕਾਰਾਂ `ਤੇ ਤਨਜ਼ ਕੱਸਦਿਆਂ ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਨਾ ਤਾਂ ਪਿੰਡਾਂ ਨੂੰ ਗ੍ਰਾਂਟਾਂ ਦਿੱਤੀਆਂ ਅਤੇ ਨਾ ਹੀ ਵਿਕਾਸ ਕਾਰਜ ਕੀਤੇ, ਜਦੋਂ ਕਿ ਸਾਡੀ ਸਰਕਾਰ ਪੇਂਡੂ ਨੌਜਵਾਨਾਂ ਨੂੰ ਅੰਤਰ-ਰਾਸ਼ਟਰੀ ਅਥਲੀਟ ਬਣਨ ਅਤੇ ਪੰਜਾਬ ਦਾ ਨਾਮ ਰੌਸ਼ਨ ਕਰਨ ਦੇ ਮੌਕੇ ਦੇਣ ਲਈ ਖੇਡ ਬੁਨਿਆਦੀ ਢਾਂਚੇ ਨੂੰ ਪਹਿਲ ਦੇ ਰਹੀ ਹੈ।

ਇਸ ਮੌਕੇ ਦੀਆਂ ਕੁਝ ਝਲਕੀਆਂ ਸਾਂਝੀਆਂ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਅੱਜ ਮੈਂ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੇ ਅਮਲੋਹ ਹਲਕੇ ਅਧੀਨ



ਪੈਂਦੇ ਪਿੰਡ ਸ਼ਾਹਪੁਰ ਵਿਖੇ ਖੇਡ ਮੈਦਾਨ ਦੇ ਉਦਘਾਟਨੀ ਸਮਾਰੋਹ ਵਿੱਚ ਸ਼ਾਮਲ ਹੋਇਆ। ਇਹ ਬਹੁਤ ਖ਼ੁਸ਼ੀ ਦੀ ਗੱਲ ਹੈ ਕਿ ਪੰਜਾਬ ਸਰਕਾਰ ਨੇ ਅੱਜ ਸੂਬੇ ਭਰ ਵਿੱਚ 1,000 ਨਵੇਂ ਖੇਡ ਮੈਦਾਨਾਂ ਦਾ ਉਦਘਾਟਨ ਕੀਤਾ ਹੈ। ਇਹ ਸਾਡੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਅਤੇ ਉਨ੍ਹਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਵੱਲ ਵੱਡਾ ਕਦਮ ਹੈ। ਸਾਨੂੰ ਪੂਰਾ ਵਿਸ਼ਵਾਸ ਹੈ ਕਿ ਇਨ੍ਹਾਂ ਖੇਡ ਮੈਦਾਨਾਂ ਵਿੱਚ ਮੁੜ੍ਹਕਾ ਡੋਲ ਕੇ ਸਾਡੇ ਨੌਜਵਾਨ ਆਉਣ ਵਾਲੇ ਸਾਲਾਂ ਵਿੱਚ ਪੂਰੀ ਦੁਨੀਆ ਵਿੱਚ ਪੰਜਾਬ ਦਾ ਨਾਮ ਰੌਸ਼ਨ ਕਰਨਗੇ।"

ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਦੇ ਨੌਜਵਾਨਾਂ ਦੀ ਊਰਜਾ ਨੂੰ ਨਸ਼ਿਆਂ ਦੇ ਕੋਹੜ ਤੋਂ ਬਚਾਉਣ ਅਤੇ ਉਨ੍ਹਾਂ ਨੂੰ ਉਸਾਰੂ ਦਿਸ਼ਾ ਦੇਣ ਲਈ ਖੇਡਾਂ ਵੱਲ ਮੋੜਨਾ ਬਹੁਤ ਜ਼ਰੂਰੀ ਹੈ। ਉਨ੍ਹਾਂ ਸੂਬੇ ਦੇ ਵੱਖ-ਵੱਖ ਹਿੱਸਿਆਂ ਤੋਂ ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਆਏ ਲੋਕਾਂ ਅਤੇ ਸਿਆਸੀ ਆਗੂਆਂ ਦਾ ਸਵਾਗਤ ਕੀਤਾ ਅਤੇ ਕਿਹਾ ਕਿ ਇੱਕ ਸਿਹਤਮੰਦ, ਅਨੁਸ਼ਾਸਿਤ ਅਤੇ ਤਰੱਕੀ ਪਸੰਦ ਸਮਾਜ ਦੀ ਸਿਰਜਣਾ ਵਿੱਚ ਖੇਡਾਂ ਅਹਿਮ ਭੂਮਿਕਾ ਨਿਭਾ ਸਕਦੀਆਂ ਹਨ।

ਮੁੱਖ ਮੰਤਰੀ ਨੇ ਜ਼ੋਰ ਦੇ ਕੇ ਕਿਹਾ, "ਸਾਡੀ ਸਰਕਾਰ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਵਚਨਬੱਧ ਹੈ। ਅਸੀਂ ਅੱਜ ਲੋਕਾਂ ਨੂੰ 1,000 ਹੋਰ ਖੇਡ ਮੈਦਾਨ ਸਮਰਪਿਤ ਕਰ ਰਹੇ ਹਾਂ ਕਿਉਂਕਿ ਸਾਡੇ ਨੌਜਵਾਨਾਂ ਨੂੰ ਖੇਡਾਂ ਵਿੱਚ ਅੱਗੇ ਵਧਣ ਲਈ ਢੁਕਵੀਆਂ ਸਹੂਲਤਾਂ ਅਤੇ ਮੌਕਿਆਂ ਦੀ ਲੋੜ ਹੈ। ਉਨ੍ਹਾਂ ਦੀ ਊਰਜਾ ਨੂੰ ਖੇਡਾਂ ਵੱਲ ਲਗਾ ਕੇ ਅਸੀਂ ਉਨ੍ਹਾਂ ਨੂੰ ਨਸ਼ਿਆਂ ਤੋਂ ਦੂਰ ਰੱਖ ਸਕਦੇ ਹਾਂ ਅਤੇ ਪੰਜਾਬ ਤੇ ਦੇਸ਼ ਦਾ ਨਾਮ ਰੌਸ਼ਨ ਕਰਨ ਲਈ ਉਤਸ਼ਾਹਿਤ ਕਰ ਸਕਦੇ ਹਾਂ।"

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਪਹਿਲੀ ਵਾਰ ਪਿੰਡਾਂ ਵਿੱਚ ਉੱਚ ਪੱਧਰੀ ਖੇਡ ਬੁਨਿਆਦੀ ਢਾਂਚਾ ਵਿਕਸਤ ਕਰਨ ਲਈ ਅੱਜ ਵੱਡੀ ਪੱਧਰ `ਤੇ ਪਹਿਲਕਦਮੀ ਕੀਤੀ ਹੈ, ਜਿਸ ਨਾਲ ਪੇਂਡੂ ਨੌਜਵਾਨਾਂ ਨੂੰ ਉਨ੍ਹਾਂ ਦੇ ਘਰਾਂ ਦੇ ਨੇੜੇ ਆਧੁਨਿਕ ਸਹੂਲਤਾਂ ਮਿਲਣੀਆਂ ਯਕੀਨੀ ਹੋਈਆਂ ਹਨ। ਉਨ੍ਹਾਂ ਅੱਗੇ ਕਿਹਾ, "ਇਸ ਪਹਿਲਕਦਮੀ ਤਹਿਤ ਪੰਜਾਬ ਭਰ ਵਿੱਚ 3,100 'ਪੇਂਡੂ ਖੇਡ ਮੈਦਾਨ' ਵਿਕਸਤ ਕੀਤੇ ਜਾ ਰਹੇ ਹਨ। ਇਹ ਮੈਦਾਨ ਸਾਡੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦਾ ਮਹੱਤਵਪੂਰਨ ਹਿੱਸਾ ਹਨ। ਸਾਡਾ ਟੀਚਾ ਹਰ ਪਿੰਡ ਵਿੱਚ ਖੇਡ ਸੱਭਿਆਚਾਰ ਪੈਦਾ ਕਰਨਾ ਹੈ ਤਾਂ ਜੋ ਨੌਜਵਾਨ ਨਸ਼ਿਆਂ ਦੀ ਬਜਾਏ ਤੰਦਰੁਸਤੀ, ਅਨੁਸ਼ਾਸਨ ਅਤੇ ਸਕਾਰਾਤਮਕ ਗਤੀਵਿਧੀਆਂ ਨੂੰ ਚੁਣਨ।"


ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਹਿਲੇ ਪੜਾਅ ਦੌਰਾਨ 4 ਮਈ ਨੂੰ 255 ਖੇਡ ਮੈਦਾਨ ਲੋਕਾਂ ਨੂੰ ਸਮਰਪਿਤ ਕੀਤੇ ਗਏ ਸਨ, ਜਦੋਂ ਕਿ ਦੂਜੇ ਪੜਾਅ ਦੌਰਾਨ 24 ਅਗਸਤ ਨੂੰ 509 ਹੋਰ ਮੈਦਾਨ ਸਮਰਪਿਤ ਕੀਤੇ ਗਏ ਸਨ। ਤੀਜੇ ਪੜਾਅ ਵਿੱਚ 1,000 ਮੈਦਾਨਾਂ ਦੇ ਸਮਰਪਣ ਨਾਲ ਇਹ ਮੁਹਿੰਮ ਇੱਕ ਹੋਰ ਮਹੱਤਵਪੂਰਨ ਪੜਾਅ ਵਿੱਚ ਦਾਖ਼ਲ ਹੋ ਗਈ ਹੈ। ਇਨ੍ਹਾਂ ਵਿੱਚ ਫਤਹਿਗੜ੍ਹ ਸਾਹਿਬ ਜ਼ਿਲ੍ਹੇ ਦੇ 93 ਖੇਡ ਮੈਦਾਨ ਵੀ ਸ਼ਾਮਲ ਹਨ।

ਮੁੱਖ ਮੰਤਰੀ ਨੇ ਕਿਹਾ, "ਅਸੀਂ ਸਿਰਫ਼ ਖੇਡ ਦੇ ਮੈਦਾਨ ਨਹੀਂ ਬਣਾ ਰਹੇ, ਅਸੀਂ ਆਪਣੇ ਪੇਂਡੂ ਨੌਜਵਾਨਾਂ ਲਈ ਮੌਕੇ ਪੈਦਾ ਕਰ ਰਹੇ ਹਾਂ। ਹਰ ਪਿੰਡ ਵਿੱਚ ਮਿਆਰੀ ਖੇਡ ਬੁਨਿਆਦੀ ਢਾਂਚਾ ਹੋਣਾ ਚਾਹੀਦਾ ਹੈ, ਜਿੱਥੇ ਬੱਚੇ ਸਿਖਲਾਈ ਲੈ ਸਕਣ, ਅਭਿਆਸ ਕਰ ਸਕਣ ਅਤੇ ਆਪਣੀਆਂ ਖੇਡ ਰੁਚੀਆਂ ਨੂੰ ਪੂਰਾ ਕਰ ਸਕਣ।"

ਉਨ੍ਹਾਂ ਕਿਹਾ ਕਿ ਖੇਡ ਮੈਦਾਨਾਂ ਨੂੰ ਆਧੁਨਿਕ ਸਹੂਲਤਾਂ ਨਾਲ ਵਿਕਸਤ ਕੀਤਾ ਜਾ ਰਿਹਾ ਹੈ ਤਾਂ ਜੋ ਪਿੰਡ ਵਾਸੀ ਇਨ੍ਹਾਂ ਨੂੰ ਤੰਦਰੁਸਤੀ ਦੀਆਂ ਗਤੀਵਿਧੀਆਂ ਲਈ ਵਰਤ ਸਕਣ। ਉਨ੍ਹਾਂ ਕਿਹਾ, "ਇਨ੍ਹਾਂ ਵਿੱਚ ਛੇ ਫੁੱਟ ਉੱਚੀ ਚੇਨ-ਲਿੰਕ ਬਾਉਂਡਰੀ ਫੈਂਸਿੰਗ, ਹਰਿਆਲੀ ਵਧਾਉਣ ਲਈ ਪੌਦੇ ਲਗਾਉਣਾ, ਫੁੱਟ-ਲਾਈਟਾਂ ਵਾਲੇ ਛੇ ਫੁੱਟ ਚੌੜੇ ਵਾਕਿੰਗ ਟਰੈਕ, ਮਰਦਾਂ ਅਤੇ ਔਰਤਾਂ ਲਈ ਵੱਖਰੇ ਪਖਾਨੇ ਅਤੇ ਖੇਡ ਕਿੱਟਾਂ ਤੇ ਉਪਕਰਣਾਂ ਲਈ ਸਟੋਰ ਰੂਮ ਸ਼ਾਮਲ ਹਨ। ਮੈਦਾਨਾਂ ਦੀ ਸਹੀ ਦੇਖਭਾਲ ਯਕੀਨੀ ਬਣਾਉਣ ਲਈ ਘਾਹ ਅਤੇ ਪੌਦਿਆਂ ਨੂੰ ਪਾਣੀ ਦੇਣ ਲਈ ਸਬਮਰਸੀਬਲ ਪੰਪ ਅਤੇ ਹਾਈਡ੍ਰੈਂਟ ਵੀ ਲਾਏ ਗਏ ਹਨ।"

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਝੂਲਿਆਂ, ਪੌੜੀਆਂ ਅਤੇ ਸਲਾਈਡਾਂ ਨਾਲ ਲੈਸ ਬੱਚਿਆਂ ਦੇ ਖੇਡਣ ਲਈ ਖ਼ਾਸ ਖੇਤਰ ਵਿਕਸਤ ਕੀਤੇ ਜਾ ਰਹੇ ਹਨ, ਜਦੋਂ ਕਿ ਹਾਈ-ਮਾਸਟ ਲਾਈਟਾਂ ਮੈਦਾਨਾਂ ਵਿੱਚ ਸਹੀ ਰੌਸ਼ਨੀ ਯਕੀਨੀ ਬਣਾਉਣਗੀਆਂ। ਸਥਾਨਕ ਖੇਡ ਤਰਜੀਹਾਂ ਨੂੰ ਧਿਆਨ ਵਿੱਚ ਰੱਖਦਿਆਂ ਵਾਲੀਬਾਲ, ਫੁੱਟਬਾਲ, ਹਾਕੀ ਅਤੇ ਹੋਰ ਪ੍ਰਸਿੱਧ ਖੇਡਾਂ ਲਈ ਸਹੂਲਤਾਂ ਮੁਹੱਈਆ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ, "ਇਹ ਮੈਦਾਨ ਮੁੱਢਲੀਆਂ ਖੇਡ ਸਹੂਲਤਾਂ ਤੋਂ ਕਿਤੇ ਵੱਧ ਪੇਸ਼ਕਸ਼ ਕਰਨਗੇ। ਅਸੀਂ ਮਿਆਰੀ ਘਾਹ ਨਾਲ ਹਰੇ-ਭਰੇ ਟਰਫ਼ ਤਿਆਰ ਕਰ ਰਹੇ ਹਾਂ, ਜਦੋਂ ਕਿ ਚੁਣੇ ਹੋਏ ਮੈਦਾਨਾਂ ਵਿੱਚ ਅਥਲੈਟਿਕਸ ਅਤੇ ਦੌੜ ਨੂੰ ਉਤਸ਼ਾਹਿਤ ਕਰਨ ਲਈ ਛੇ-ਲੇਨ, 400-ਮੀਟਰ ਰਨਿੰਗ ਟਰੈਕ ਵੀ ਹੋਣਗੇ। ਸਾਡਾ ਉਦੇਸ਼ ਪੰਜਾਬ ਦੇ ਹਰ ਬੱਚੇ ਤੱਕ ਖੇਡਾਂ ਦੀ ਪਹੁੰਚ ਬਣਾਉਣਾ ਹੈ।"

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਾਡੀ ਸਰਕਾਰ ਇਹ ਵੀ ਯਕੀਨੀ ਬਣਾ ਰਹੀ ਹੈ ਕਿ ਪਿੰਡਾਂ ਨੂੰ ਲੋੜੀਂਦਾ ਖੇਡ ਸਾਜ਼ੋ-ਸਾਮਾਨ ਮਿਲੇ ਤਾਂ ਜੋ ਬੱਚੇ ਕਿੱਟਾਂ ਖਰੀਦਣ ਦੇ ਵਿੱਤੀ ਬੋਝ ਤੋਂ ਬਿਨਾਂ ਖੇਡਣਾ ਸ਼ੁਰੂ ਕਰ ਸਕਣ। ਉਨ੍ਹਾਂ ਅੱਗੇ ਕਿਹਾ, "ਹਰ ਪਿੰਡ ਨੂੰ ਫੁੱਟਬਾਲ ਅਤੇ ਹਾਕੀ ਦੇ ਗੋਲਪੋਸਟ, ਵਾਲੀਬਾਲ ਦੇ ਖੰਭੇ ਅਤੇ ਦੋ ਜਾਲ, ਤਿੰਨ ਵਾਲੀਬਾਲ, ਤਿੰਨ ਫੁੱਟਬਾਲ ਅਤੇ ਕ੍ਰਿਕਟ ਕਿੱਟਾਂ ਮੁਹੱਈਆ ਕਰਵਾਈਆਂ ਜਾਣਗੀਆਂ।



ਅਦਾਲਤ 'ਚ ਪੇਸ਼ੀ 'ਤੇ ਆਏ ਭਾਨੇ ਸਿੱਧੂ ਨੂੰ ਸਾਥੀਆਂ ਸਣੇ ਪੁਲਿਸ ਨੇ ਚੁੱਕਿਆ, ਬਰਨਾਲਾ 'ਚ ਪੁਲਿਸ ਦੀ ਕਾਰਵਾਈ

ਸਾਂਝੀ ਖ਼ਬਰ

(ਸੁਖਜੀਤ ਕੌਰ)

ਬਰਨਾਲਾ, 11ਨਵੰਬਰ

ਬੁੱਧਵਾਰ ਨੂੰ ਬਰਨਾਲਾ ਦੀਆਂ ਕਚਹਿਰੀਆਂ 'ਚੋਂ ਪੁਲਿਸ ਨੇ ਭਾਨਾ ਸਿੱਧੂ ਨੂੰ ਉਸ ਵੇਲੇ ਆਪਣੀ ਅੜੰਘੀ ਹੇਠ ਲੈ ਲਿਆ, ਜਦੋਂ ਉਹ ਆਪਣੇ ਕੁਝ ਬੇਲੀ-ਮਿੱਤਰਾਂ ਨਾਲ ਕਿਸੇ ਪੁਰਾਣੇ ਕੇਸ ਦੀ ਪੇਸ਼ੀ ਭੁਗਤਣ ਆਇਆ ਹੋਇਆ ਸੀ। ਅੱਖੀਂ ਡਿੱਠੇ ਹਾਲ ਮੁਤਾਬਕ, ਪੁਲਿਸ ਨੇ ਗੱਡੀਆਂ ਅੱਗੇ ਲਾ ਕੇ ਭਾਨੇ ਦੀ ਗੱਡੀ ਨੂੰ ਚਾਰੇ ਪਾਸਿਓਂ ਘੇਰ ਲਿਆ। ਇਹਦੇ ਬਾਅਦ ਪੁਲਿਸ ਵਾਲੇ ਭਾਨੇ ਸਿੱਧੂ ਤੇ



ਉਹਦੇ ਨਾਲ ਦੇ ਸਾਥੀਆਂ ਨੂੰ ਆਪਣੀ ਗੱਡੀ 'ਚ ਲੈ ਚੱਲਦੇ ਬਣੇ।

ਦੱਸਣਯੋਗ ਹੈ ਕਿ ਚੁੱਕੇ ਜਾਣ ਤੋਂ ਮਾੜੀ ਮੋਟੀ ਛਿਣ ਪਹਿਲਾਂ ਭਾਨੇ ਸਿੱਧੂ ਦੀ ਇੱਕ ਵੀਡੀਓ ਵੀ ਇੰਟਰਨੈੱਟ 'ਤੇ ਚੋਖੀ ਵਾਇਰਲ ਹੋ ਰਹੀ ਸੀ। ਇਸ ਵੀਡੀਓ 'ਚ ਉਹ ਆਖ ਰਿਹਾ ਹੈ ਕਿ ਉਹ ਧੂਰੀ ਹਲਕੇ ਦੇ ਪਿੰਡ ਜਹਾਂਗੀਰ ਵਿਖੇ ਲੱਗ ਰਹੀ ਫੈਕਟਰੀ ਦੇ ਵਿਰੋਧ 'ਚ ਲੱਗੇ ਮੋਰਚੇ 'ਚ ਸ਼ਾਮਲ ਹੋਣ ਜਾ ਰਿਹਾ ਸੀ। ਉਹਨੇ ਸਿੱਧਾ ਦੋਸ਼ ਲਾਇਆ ਕਿ ਪੁਲਿਸ ਮੁੱਖ ਮੰਤਰੀ ਭਗਵੰਤ ਮਾਨ ਦੇ ਆਖੇ ਲੱਗ ਕੇ ਉਸ ਨੂੰ ਧਰਨੇ 'ਚ ਜਾਣ ਤੋਂ ਰੋਕ ਰਹੀ ਹੈ।

ਦੂਜੇ ਪਾਸੇ, ਇਸ ਝੰਜਟ ਬਾਰੇ ਪੁਲਿਸ ਦੇ ਵੱਡੇ ਅਫਸਰਾਂ ਨੇ ਅਜੇ ਤੱਕ ਕੋਈ ਭੇਤ ਨਹੀਂ ਖੋਲ੍ਹਿਆ। ਭਾਨੇ ਨੂੰ ਕਿਸ ਮਾਮਲੇ 'ਚ ਤੇ ਕਿਹੜੇ ਥਾਣੇ ਜਾਂ ਜਗ੍ਹਾ ਲੈ ਕੇ ਗਏ ਨੇ, ਇਸ ਬਾਰੇ ਅਜੇ ਤੱਕ ਕੋਈ ਪਤਾ-ਸੂਹ ਨਹੀਂ ਲੱਗ ਸਕਿਆ।

ਸੰਗਰੂਰ 'ਚ ਸੀਐੱਮ ਰਿਹਾਇਸ਼ ਨੇੜੇ ਬੱਸ ਫਲਾਈਓਵਰ ਨਾਲ ਟਕਰਾਉਣ ਕਾਰਨ 3 ਦੀ ਮੌਤ, 26 ਜ਼ਖ਼ਮੀ

ਸਾਂਝੀ ਖ਼ਬਰ

(ਕੁਲਦੀਪ ਸਿੰਘ)

ਸੰਗਰੂਰ, 11ਨਵੰਬਰ

ਧੂਰੀ ਤੋਂ ਚੰਡੀਗੜ੍ਹ ਜਾ ਰਹੀ ਪੀ ਆਰ ਟੀ ਸੀ ਦੀ ਬੱਸ ਅੱਜ ਤੜਕੇ ਸੰਗਰੂਰ ਵਿਖੇ ਕੌਮੀ ਹਾਈਵੇ ਦੇ ਬਾਈਪਾਸ ਨੇੜੇ ਬੇਕਾਬੂ ਹੁੰਦਿਆਂ ਪੁਲ ਨਾਲ ਟਕਰਾ ਕੇ ਪਲਟ ਗਈ। ਇਸ ਭਿਆਨਕ ਸੜਕ ਹਾਦਸੇ ਚ ਦੋ ਔਰਤਾਂ ਸਣੇ 3 ਸਵਾਰੀਆਂ ਦੀ ਮੌਤ ਹੋ ਗਈ ਹੈ ਜਦ ਕਿ 26 ਜ਼ਖਮੀ ਹੋ ਗਏ ਹਨ ਜਿਨ੍ਹਾਂ ਨੂੰ ਸਥਾਨਕ ਸਿਵਲ ਹਸਪਤਾਲ ਦਾਖ਼ਲ ਕਰਵਾਇਆ ਗਿਆ। ਵੇਰਵਿਆਂ ਅਨੁਸਾਰ ਜ਼ਖਮੀਆਂ ਚੋਂ 10 ਦੀ ਹਾਲਤ ਨੂੰ ਵੇਖਦਿਆਂ



ਡਾਕਟਰਾਂ ਨੇ ਪਟਿਆਲਾ ਰੈਫਰ ਕਰ ਦਿੱਤਾ ਹੈ।

ਸਿਵਲ ਹਸਪਤਾਲ 'ਚ ਹਾਦਸੇ ਬਾਰੇ ਜਾਣਕਾਰੀ ਦਿੰਦਿਆਂ ਡੀ ਐੱਸ ਪੀ ਦਲਵੀਰ ਸਿੰਘ ਨੇ ਦੱਸਿਆ ਕਿ ਤੜਕੇ ਕਰੀਬ ਪੌਣੇ ਪੰਜ ਵਜੇ ਪੀ ਆਰ ਟੀ ਸੀ ਦੀ ਬੱਸ ਧੂਰੀ ਤੋਂ ਚੰਡੀਗੜ੍ਹ ਲਈ ਰਵਾਨਾ ਹੋਈ ਜੋ ਕਿ ਸੰਗਰੂਰ ਬੱਸ ਸਟੈਂਡ ਹੁੰਦਿਆਂ ਜਿਉਂ ਹੀ ਬਠਿੰਡਾ ਚੰਡੀਗੜ੍ਹ ਕੌਮੀ ਹਾਈਵੇ ਦੇ ਸਥਾਨਕ ਪਟਿਆਲਾ ਬਾਈਪਾਸ ਦੇ ਓਵਰਬ੍ਰਿਜ ਨੇੜੇ ਪੁੱਜੀ ਤਾਂ ਬੇਕਾਬੂ ਹੋ ਕੇ ਪੁਲ ਦੀ ਕੰਧ ਨਾਲ ਟਕਰਾ ਕੇ ਪਲਟ ਗਈ।

ਉਨ੍ਹਾਂ ਦੱਸਿਆ ਕਿ ਡਰਾਈਵਰ ਲਾਪਰਵਾਹੀ ਨਾਲ ਬੱਸ ਚਲਾ ਰਿਹਾ ਸੀ ਕਿਉਂਕਿ ਧੂਰੀ ਤੋਂ ਹੀ ਬੱਸ ਲੇਟ ਚੱਲੀ ਸੀ, ਜਿਸ ਕਾਰਨ ਡਰਾਈਵਰ ਕਾਹਲ ਵਿਚ ਸੀ। ਹਾਦਸੇ 'ਚ ਰਾਜਵਿੰਦਰ ਕੌਰ ਵਾਸੀ ਪਿੰਡ ਫਤਹਿਗੜ੍ਹ ਛੰਨਾਂ, ਨਰਿੰਦਰ ਕੌਰ ਵਾਸੀ ਧੂਰੀ ਅਤੇ ਮਨਜੀਤ ਸਿੰਘ ਪਿੰਡ ਥਲੇਸਾਂ ਦੀ ਮੌਤ ਹੋ ਗਈ ਹੈ। ਜਦੋਂ ਕਿ 26 ਸਵਾਰੀਆਂ ਜਖਮੀ ਹੋ ਗਈਆਂ ਹਨ ਜਿਨ੍ਹਾਂ ਚੋਂ 10 ਨੂੰ ਰੈਫਰ ਕੀਤਾ ਗਿਆ ਹੈ। 16 ਜ਼ਖਮੀਆਂ ਦਾ ਸਿਵਲ ਹਸਪਤਾਲ ਚ ਇਲਾਜ ਚੱਲ ਰਿਹਾ ਹੈ।

Covid ਦੇ ਨਵੇਂ ਵੇਰੀਐਂਟ ਨੇ ਦੇ''ਤੀ ਦਸਤਕ : 8 ਦੇਸ਼ਾਂ 'ਚ ਫੈਲਿਆ ਵਾਇਰਸ

ਸਾਂਝੀ ਖ਼ਬਰ

(ਗਗਨਦੀਪ ਕੌਰ)

ਇੰਟਰਨੈਸ਼ਨਲ ਡੈਸਕ,

11ਨਵੰਬਰ : ਕੋਵਿਡ ਦੇ ਨਵੇਂ ਵੇਰੀਐਂਟ ਨੇ ਇਕ ਵਾਰ ਫਿਰ ਦਸਤਕ ਦਿੱਤੀ ਹੈ। ਇਸ ਵਾਰ ਇਹ ਉੱਤਰੀ ਅਮਰੀਕਾ ਸਣੇ ਕਈ ਮਹਾਦੀਪਾਂ ਵਿੱਚ ਤੇਜ਼ੀ ਨਾਲ ਫੈਲ ਰਿਹਾ ਹੈ। ਮਹਾਂਦੀਪਾਂ ਵਿੱਚ ਤੇਜ਼ੀ ਨਾਲ ਫੈਲ ਰਹੇ ਨਵੇਂ ਕੋਵਿਡ-19 ਵੇਰੀਐਂਟ PJ.2.1 ਨੇ ਸਿਹਤ ਏਜੰਸੀਆਂ ਵਿੱਚ ਚਿੰਤਾਵਾਂ ਵਧਾ ਦਿੱਤੀਆਂ ਹਨ। ਪਹਿਲਾਂ ਕੈਨੇਡਾ ਦੇ ਓਨਟਾਰੀਓ ਵਿੱਚ ਪਛਾਣਿਆ ਗਿਆ, ਇਹ ਵਾਇਰਸ ਹੁਣ ਅੱਠ ਦੇਸ਼ਾਂ ਵਿੱਚ ਪਹੁੰਚ ਗਿਆ ਹੈ। ਇਹ ਸੰਯੁਕਤ ਰਾਜ, ਆਸਟ੍ਰੇਲੀਆ, ਨਿਊਜ਼ੀਲੈਂਡ, ਯੂਰਪ ਅਤੇ ਏਸ਼ੀਆ ਵਿੱਚ ਵੀ ਦਰਜ ਕੀਤਾ ਗਿਆ ਹੈ। ਤੇਜ਼ੀ ਨਾਲ ਫੈਲਣ ਵਾਲੇ ਇਸ ਵੇਰੀਐਂਟ

ਐਚਐਮਈਐਲ ਵੱਲੋਂ ਜੱਜਲ, ਗਾਟਵਾਲੀ ਅਤੇ ਪਿੰਡ ਤਿਓਣਾ ਪੁਜਾਰੀਆਂ ਦੇ ਸਰਕਾਰੀ ਸਕੂਲ ਵਿੱਚ ਹੋਣਹਾਰ ਵਿਦਿਆਰਥੀਆਂ ਨੂੰ ਸਕਾਲਰਸ਼ਿਪ, ਲੈਪਟਾਪ ਤੇ ਟੈਬਲੇਟ ਪ੍ਰਦਾਨ ਕੀਤੇ





ਸਾਂਝੀ ਖ਼ਬਰ

ਮੌਜੂਦਾ ਸਾਲ ਦੌਰਾਨ ਕੁੱਲ 165 ਵਿਦਿਆਰਥੀਆਂ ਨੂੰ ਦਿੱਤੀ ਜਾ ਰਹੀ ਸਕਾਲਰਸ਼ਿਪ, 2018 ਵਿੱਚ ਸ਼ੁਰੂ ਹੋਏ ਪ੍ਰੋਗਰਾਮ ਤਹਿਤ ਹੁਣ ਤੱਕ 2,000 ਤੋਂ ਵੱਧ ਵਿਦਿਆਰਥੀਆਂ ਨੂੰ ਮਿਲੀ ਸਕਾਲਰਸ਼ਿਪ, 1,400 ਤੋਂ ਵੱਧ ਲੜਕੀਆਂ ਸ਼ਾਮਲ

ਪੀ ਐਸ ਮਿੱਠਾ

ਬਠਿੰਡਾ , 11 ਨਵੰਬਰ

ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੇ ਹੋਣਹਾਰ ਵਿਦਿਆਰਥੀਆਂ ਦੀ ਪ੍ਰਤਿਭਾ ਨੂੰ ਉਤਸ਼ਾਹਿਤ ਕਰਨ ਅਤੇ ਉਨ੍ਹਾਂ ਨੂੰ ਉੱਚ ਸਿੱਖਿਆ ਦੇ ਬਿਹਤਰ ਮੌਕੇ ਪ੍ਰਦਾਨ ਕਰਨ ਦੇ ਉਦੇਸ਼ ਨਾਲ ਐਚਐਮਈਐਲ ਗੁਰੂ ਗੋਬਿੰਦ ਸਿੰਘ ਰਿਫਾਇਨਰੀ ਵੱਲੋਂ ਇੱਕ ਵਿਸ਼ੇਸ਼ ਸਕਾਲਰਸ਼ਿਪ ਪ੍ਰੋਗਰਾਮ ਚਲਾਇਆ ਜਾ ਰਿਹਾ ਹੈ। ਸਕਾਲਰਸ਼ਿਪ ਵੰਡ ਮੁਹਿੰਮ ਤਹਿਤ ਜੱਜਲ ਹਾਈ ਸਕੂਲ, ਗੱਟਵਾਲੀ ਹਾਈ ਸਕੂਲ ਅਤੇ ਪਿੰਡ ਤਿਓਣਾ ਪੁਜਾਰੀਆਂ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਹੋਣਹਾਰ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਅਤੇ ਲੈਪਟਾਪ ਤੇ ਟੈਬਲੇਟ ਪ੍ਰਦਾਨ ਕੀਤੇ ਗਏ। ਮੌਜੂਦਾ ਸਾਲ ਦੌਰਾਨ ਕੁੱਲ 165 ਵਿਦਿਆਰਥੀਆਂ ਨੂੰ ਇਸ ਪ੍ਰੋਗਰਾਮ ਤਹਿਤ ਸਕਾਲਰਸ਼ਿਪ ਦਿੱਤੀ ਜਾ ਰਹੀ ਹੈ।

ਸਾਲ 2018 ਵਿੱਚ ਸ਼ੁਰੂ ਕੀਤੀ ਗਈ ਇਸ ਪਹਿਲਕਦਮੀ ਰਾਹੀਂ ਕੰਪਨੀ ਸਰਕਾਰੀ ਸਕੂਲਾਂ ਦੇ ਹੋਣਹਾਰ ਵਿਦਿਆਰਥੀਆਂ ਨੂੰ ਆਰਥਿਕ ਸਹਾਇਤਾ ਦੇਣ ਦੇ ਨਾਲ-ਨਾਲ ਉਨ੍ਹਾਂ ਨੂੰ ਆਧੁਨਿਕ ਡਿਜੀਟਲ ਸਿੱਖਿਆ ਦੇ ਸਾਧਨਾਂ ਨਾਲ ਵੀ ਜੋੜ ਰਹੀ ਹੈ। ਇਸ ਪ੍ਰੋਗਰਾਮ ਤਹਿਤ ਹੁਣ ਤੱਕ 2,000 ਤੋਂ ਵੱਧ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦਿੱਤੀ ਜਾ ਚੁੱਕੀ ਹੈ, ਜਿਨ੍ਹਾਂ ਵਿੱਚ 1,400 ਤੋਂ ਵੱਧ ਲੜਕੀਆਂ ਸ਼ਾਮਲ ਹਨ। ਇਹ ਅੰਕੜਾ ਰੂਰਲ ਖੇਤਰਾਂ ਦੀਆਂ ਧੀਆਂ ਨੂੰ ਸਿੱਖਿਆ ਰਾਹੀਂ ਅੱਗੇ ਵਧਾਉਣ ਅਤੇ ਉਨ੍ਹਾਂ ਨੂੰ ਆਪਣੇ ਸੁਪਨੇ ਪੂਰੇ ਕਰਨ ਲਈ ਉਤਸ਼ਾਹਿਤ ਕਰਨ ਪ੍ਰਤੀ ਐਚਐਮਈਐਲ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

ਐਚਐਮਈਐਲ ਵੱਲੋਂ ਦਸਵੀਂ ਅਤੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਨਤੀਜਿਆਂ ਅਤੇ ਮੈਰਿਟ ਦੇ ਆਧਾਰ 'ਤੇ ਵੱਖ-ਵੱਖ ਸ਼੍ਰੇਣੀਆਂ ਵਿੱਚ ਸਕਾਲਰਸ਼ਿਪ ਦਿੱਤੀ ਜਾਂਦੀ ਹੈ। ਬਾਰ੍ਹਵੀਂ ਜਮਾਤ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ 75,000 ਰੁਪਏ, ਦੂਜਾ ਸਥਾਨ ਹਾਸਲ ਕਰਨ ਵਾਲੇ ਨੂੰ 65,000 ਰੁਪਏ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਨੂੰ 55,000 ਰੁਪਏ ਦੀ ਨਕਦ ਸਕਾਲਰਸ਼ਿਪ ਦੇ ਨਾਲ ਲੈਪਟਾਪ ਦਿੱਤਾ ਜਾਂਦਾ ਹੈ। ਇਸੇ ਤਰ੍ਹਾਂ ਦਸਵੀਂ ਜਮਾਤ ਵਿੱਚ ਪਹਿਲਾ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀ ਨੂੰ 60,000 ਰੁਪਏ, ਦੂਜਾ ਸਥਾਨ ਪ੍ਰਾਪਤ ਕਰਨ ਵਾਲੇ ਨੂੰ 50,000 ਰੁਪਏ ਅਤੇ ਤੀਜਾ ਸਥਾਨ ਹਾਸਲ ਕਰਨ ਵਾਲੇ ਨੂੰ 40,000 ਰੁਪਏ ਦੀ ਨਕਦ ਸਕਾਲਰਸ਼ਿਪ ਦੇ ਨਾਲ ਟੈਬਲੇਟ ਦਿੱਤਾ ਜਾਂਦਾ ਹੈ। ਇਸ ਤੋਂ ਇਲਾਵਾ, ਬਾਰ੍ਹਵੀਂ ਜਮਾਤ, ਦਸਵੀਂ ਜਮਾਤ ਵਿੱਚ 85 ਫ਼ੀਸਦੀ ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਹਰੇਕ ਯੋਗ ਵਿਦਿਆਰਥੀ ਨੂੰ 30,000 ਰੁਪਏ ਦੀ ਸਕਾਲਰਸ਼ਿਪ ਦਿੱਤੀ ਜਾਂਦੀ ਹੈ।


ਨਕਦ ਸਹਾਇਤਾ ਦੇ ਨਾਲ ਲੈਪਟਾਪ ਅਤੇ ਟੈਬਲੇਟ ਦੇਣ ਦਾ ਉਦੇਸ਼ ਵਿਦਿਆਰਥੀਆਂ ਨੂੰ ਡਿਜੀਟਲ ਸਿੱਖਿਆ ਦੇ ਸਾਧਨਾਂ ਨਾਲ ਜੋੜਨਾ ਹੈ, ਤਾਂ ਜੋ ਉਹ ਆਨਲਾਈਨ ਅਧਿਐਨ, ਵਿਸ਼ਿਆਂ ਦੀ ਡੂੰਘੀ ਸਮਝ ਅਤੇ NEET, JEE ਵਰਗੀਆਂ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਵੀ ਕਰ ਸਕਣ। ਇਸ ਤਰ੍ਹਾਂ ਇਹ ਪ੍ਰੋਗਰਾਮ ਸਿਰਫ਼ ਮੈਰਿਟ ਨੂੰ ਸਨਮਾਨਿਤ ਕਰਨ ਤੱਕ ਸੀਮਿਤ ਨਹੀਂ ਹੈ, ਸਗੋਂ ਵਿਦਿਆਰਥੀਆਂ ਦੇ ਅਗਲੇ ਅਕਾਦਮਿਕ ਸਫ਼ਰ ਵਿੱਚ ਵੀ ਸਹਾਇਕ ਬਣ ਰਿਹਾ ਹੈ।

ਸਕਾਲਰਸ਼ਿਪ ਨੇ ਜਗਾਈ ਮੁਕਾਬਲੇ ਦੀ ਭਾਵਨਾ, ਪੇਂਡੂ ਵਿਦਿਆਰਥੀ ਪਹੁੰਚੇ ਮੈਡੀਕਲ ਅਤੇ ਇੰਜੀਨੀਅਰਿੰਗ ਕਾਲਜਾਂ ਤੱਕ

ਇਸ ਪਹਿਲਕਦਮੀ ਦਾ ਸਭ ਤੋਂ ਮਹੱਤਵਪੂਰਨ ਪ੍ਰਭਾਵ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਵਿੱਚ ਵਧ ਰਹੇ ਆਤਮਵਿਸ਼ਵਾਸ ਅਤੇ ਪੜ੍ਹਾਈ ਪ੍ਰਤੀ ਉਤਸ਼ਾਹ ਦੇ ਰੂਪ ਵਿੱਚ ਦੇਖਣ ਨੂੰ ਮਿਲ ਰਿਹਾ ਹੈ। ਜਦੋਂ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਮਿਹਨਤ ਲਈ ਸਕਾਲਰਸ਼ਿਪ, ਲੈਪਟਾਪ ਅਤੇ ਹੋਰ ਸਹੂਲਤਾਂ ਮਿਲਦੀਆਂ ਹਨ, ਤਾਂ ਉਨ੍ਹਾਂ ਵਿੱਚ ਹੋਰ ਮਿਹਨਤ ਕਰਨ ਅਤੇ ਆਪਣੇ ਸਾਥੀਆਂ ਤੋਂ ਬਿਹਤਰ ਪ੍ਰਦਰਸ਼ਨ ਕਰਨ ਦੀ ਪ੍ਰੇਰਣਾ ਪੈਦਾ ਹੁੰਦੀ ਹੈ। ਇਸ ਨਾਲ ਸਰਕਾਰੀ ਸਕੂਲਾਂ ਵਿੱਚ ਵੀ ਸਿਹਤਮੰਦ ਮੁਕਾਬਲੇ ਦੀ ਭਾਵਨਾ ਨੂੰ ਹੁਲਾਰਾ ਮਿਲਿਆ ਹੈ। ਇਸ ਦੇ ਨਤੀਜੇ ਵਜੋਂ ਕਈ ਵਿਦਿਆਰਥੀ JEE ਅਤੇ NEET ਵਰਗੀਆਂ ਮੁਕਾਬਲੇ ਦੀਆਂ ਪ੍ਰੀਖਿਆਵਾਂ ਪਾਸ ਕਰਕੇ ਦੇਸ਼ ਦੇ ਨਾਮਵਰ ਇੰਜੀਨੀਅਰਿੰਗ ਅਤੇ ਮੈਡੀਕਲ ਸੰਸਥਾਨਾਂ ਵਿੱਚ ਦਾਖ਼ਲਾ ਹਾਸਲ ਕਰ ਰਹੇ ਹਨ।

ਇਸ ਦੀ ਇੱਕ ਪ੍ਰੇਰਨਾਦਾਇਕ ਉਦਾਹਰਨ ਤਲਵੰਡੀ ਸਾਬੋ ਦੇ ਪਿੰਡ ਮਿਰਜੇਆਣਾ ਦੇ ਵਿਦਿਆਰਥੀ ਹਰਮਨਦੀਪ ਦੀ ਹੈ। ਹਰਮਨਦੀਪ ਨੇ ਬਾਰ੍ਹਵੀਂ ਜਮਾਤ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਸਕਾਲਰਸ਼ਿਪ ਅਤੇ ਲੈਪਟਾਪ ਪ੍ਰਾਪਤ ਕੀਤਾ ਸੀ। ਇਸ ਸਹਾਇਤਾ ਨਾਲ ਉਸ ਨੂੰ ਆਨਲਾਈਨ ਪੜ੍ਹਾਈ ਅਤੇ NEET ਦੀ ਤਿਆਰੀ ਕਰਨ ਵਿੱਚ ਮਦਦ ਮਿਲੀ। ਆਪਣੀ ਮਿਹਨਤ, ਲਗਨ ਅਤੇ ਦ੍ਰਿੜ੍ਹ ਇਰਾਦੇ ਨਾਲ ਉਸ ਨੇ NEET ਦੀ ਪ੍ਰੀਖਿਆ ਪਾਸ ਕੀਤੀ ਅਤੇ ਅੱਜ ਉਹ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਵਿੱਚ MBBS ਦੀ ਪੜ੍ਹਾਈ ਕਰ ਰਿਹਾ ਹੈ।

ਇਸੇ ਤਰ੍ਹਾਂ ਪਿੰਡ ਰਾਮਸਰਾ ਦੇ ਸਰਕਾਰੀ ਸਕੂਲ ਦੇ ਵਿਦਿਆਰਥੀ ਗੁਰਦਾਸ ਸਿੰਘ ਨੇ ਦਸਵੀਂ ਜਮਾਤ ਵਿੱਚ ਸਕਾਲਰਸ਼ਿਪ ਪ੍ਰਾਪਤ ਕੀਤੀ ਸੀ। ਸਕਾਲਰਸ਼ਿਪ ਨਾਲ ਮਿਲੇ ਉਤਸ਼ਾਹ ਅਤੇ ਆਪਣੀ ਲਗਾਤਾਰ ਮਿਹਨਤ ਦੇ ਬਲ 'ਤੇ ਉਸ ਨੇ ਪੜ੍ਹਾਈ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਬਾਅਦ ਵਿੱਚ JEE ਦੀ ਪ੍ਰੀਖਿਆ ਵੀ ਪਾਸ ਕੀਤੀ। ਅੱਜ ਉਹ NIT ਜਲੰਧਰ ਵਿੱਚ ਇੰਜੀਨੀਅਰਿੰਗ ਦੀ ਪੜ੍ਹਾਈ ਕਰ ਰਿਹਾ ਹੈ।



ਵਿਧਾਇਕ ਕੁਲਜੀਤ ਸਿੰਘ ਰੰਧਾਵਾ 'ਤੇ ਵਰ੍ਹੇ ਭਾਜਪਾ ਆਗੂ ਸੰਜੀਵ ਖੰਨਾ, ਕਿਹਾ—ਸੱਤਾ ਦੀ ਕੁਰਸੀ ਕਿਸੇ ਦੀ ਸਕੀ ਨਹੀਂ ਹੁੰਦੀ!

ਸਾਂਝੀ ਖ਼ਬਰ

ਤਿਉਹਾਰਾਂ ਦੇ ਵਧਾਈ ਪੋਸਟਰ ਉਤਾਰਨ 'ਤੇ ਨਗਰ ਕੌਂਸਲ ਨੂੰ ਘੇਰਿਆ, ਸੱਤਾਧਾਰੀ ਆਗੂਆਂ ਦੇ ਪੋਸਟਰ ਬਰਕਰਾਰ ਰੱਖਣ ਅਤੇ ਵਿਰੋਧੀਆਂ ਦੇ ਉਤਾਰਨ ਦੇ ਲਾਏ ਦੋਸ਼

ਢਕੋਲੀ ਵਿੱਚ ਨਿੱਜੀ ਜ਼ਮੀਨ 'ਤੇ ਬਿਨਾਂ ਮਨਜ਼ੂਰੀ ਕੰਧ ਬਣਾਉਣ ਦਾ ਦਾਅਵਾ, ਨਗਰ ਕੌਂਸਲ ਪ੍ਰਧਾਨ ਅਤੇ ਈਓ ਦੀ ਕਾਰਗੁਜ਼ਾਰੀ 'ਤੇ ਵੀ ਚੁੱਕੇ ਗੰਭੀਰ ਸਵਾਲ

ਪੀ ਐਸ ਮਿੱਠਾ

ਡੇਰਾਬੱਸੀ , 11 ਨਵੰਬਰ

ਭਾਜਪਾ ਆਗੂ ਸੰਜੀਵ ਖੰਨਾ ਨੇ ਪ੍ਰੈੱਸ ਕਾਨਫਰੰਸ ਦੌਰਾਨ ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਅਤੇ ਨਗਰ ਕੌਂਸਲ ਪ੍ਰਸ਼ਾਸਨ ਖ਼ਿਲਾਫ਼ ਤਿੱਖੇ ਤੇਵਰ ਦਿਖਾਉਂਦਿਆਂ ਕਈ ਗੰਭੀਰ ਦੋਸ਼ ਲਾਏ। ਉਨ੍ਹਾਂ ਤਿਉਹਾਰਾਂ ਮੌਕੇ ਲਗਾਏ ਗਏ ਵਧਾਈ ਪੋਸਟਰ ਉਤਾਰਨ ਵਿੱਚ ਸਿਆਸੀ ਵਿਤਕਰੇ ਅਤੇ ਢਕੋਲੀ ਵਿਖੇ ਆਪਣੀ ਨਿੱਜੀ ਜ਼ਮੀਨ 'ਤੇ ਕਥਿਤ ਤੌਰ 'ਤੇ ਬਿਨਾਂ ਇਜਾਜ਼ਤ ਕੰਧ ਬਣਾਉਣ ਦੇ ਮਾਮਲੇ ਨੂੰ ਲੈ ਕੇ ਨਗਰ ਕੌਂਸਲ ਦੀ ਕਾਰਗੁਜ਼ਾਰੀ 'ਤੇ ਸਵਾਲ ਖੜ੍ਹੇ ਕੀਤੇ।

ਸੰਜੀਵ ਖੰਨਾ ਨੇ ਕਿਹਾ ਕਿ ਦੀਵਾਲੀ, ਗੁਰਪੁਰਬ, ਛੱਠ ਪੂਜਾ, ਭਾਈ ਦੂਜ, ਵਿਸ਼ਵਕਰਮਾ ਦਿਵਸ ਅਤੇ ਗੋਵਰਧਨ ਪੂਜਾ ਮੌਕੇ ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਵੱਲੋਂ ਲੋਕਾਂ ਨੂੰ ਵਧਾਈ ਦੇਣ ਲਈ ਪੋਸਟਰ ਲਗਾਏ ਗਏ ਸਨ। ਉਨ੍ਹਾਂ ਦੋਸ਼ ਲਾਇਆ ਕਿ ਨਗਰ ਕੌਂਸਲ ਵੱਲੋਂ ਵਿਰੋਧੀ ਧਿਰ ਦੇ ਆਗੂਆਂ ਦੇ ਪੋਸਟਰ ਤਾਂ ਉਤਾਰੇ ਜਾ ਰਹੇ ਹਨ, ਪਰ ਸੱਤਾਧਾਰੀ ਪਾਰਟੀ ਦੇ ਆਗੂਆਂ ਦੇ ਪੋਸਟਰ ਜਿਉਂ ਦੇ ਤਿਉਂ ਲੱਗੇ ਹੋਏ ਹਨ।



ਖੰਨਾ ਨੇ ਮੈਟਰੋ ਦੇ ਸਾਹਮਣੇ ਬਣੇ ਲੋਹੇ ਦੇ ਫੁੱਟਓਵਰ ਬ੍ਰਿਜ ਦੀ ਮਿਸਾਲ ਦਿੰਦਿਆਂ ਕਿਹਾ ਕਿ ਉੱਥੋਂ ਉਨ੍ਹਾਂ ਦਾ ਪੋਸਟਰ ਉਤਾਰ ਦਿੱਤਾ ਗਿਆ, ਜਦਕਿ ਸੱਤਾਧਾਰੀ ਧਿਰ ਦਾ ਪੋਸਟਰ ਲੱਗਾ ਰਿਹਾ। ਉਨ੍ਹਾਂ ਸਵਾਲ ਕੀਤਾ ਕਿ ਜੇਕਰ ਕਾਨੂੰਨ ਅਤੇ ਨਿਯਮ ਸਾਰਿਆਂ ਲਈ ਬਰਾਬਰ ਹਨ ਤਾਂ ਕਾਰਵਾਈ ਵਿੱਚ ਵਿਤਕਰਾ ਕਿਉਂ ਕੀਤਾ ਜਾ ਰਿਹਾ? ਕੀ ਨਗਰ ਕੌਂਸਲ ਦੇ ਨਿਯਮ ਸਿਰਫ਼ ਵਿਰੋਧੀ ਧਿਰ ਲਈ ਹੀ ਬਣਾਏ ਗਏ ਹਨ?

ਅੱਜ ਕੁਰਸੀ ਤੁਹਾਡੇ ਕੋਲ, ਕੱਲ੍ਹ ਕਿਸ ਕੋਲ ਹੋਵੇਗੀ ਕੋਈ ਨਹੀਂ ਜਾਣਦਾ—ਖੰਨਾ

ਸੰਜੀਵ ਖੰਨਾ ਨੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ, ਨਗਰ ਕੌਂਸਲ ਪ੍ਰਧਾਨ ਅਤੇ ਕਾਰਜਸਾਧਕ ਅਧਿਕਾਰੀ ਨੂੰ ਨਿਸ਼ਾਨੇ 'ਤੇ ਲੈਂਦਿਆਂ ਕਿਹਾ ਕਿ ਸੱਤਾ ਕਿਸੇ ਦੀ ਜਗੀਰ ਨਹੀਂ ਅਤੇ ਨਾ ਹੀ ਕੁਰਸੀਆਂ ਹਮੇਸ਼ਾ ਇੱਕੋ ਵਿਅਕਤੀ ਕੋਲ ਰਹਿੰਦੀਆਂ ਹਨ।

ਉਨ੍ਹਾਂ ਕਿਹਾ, "ਅੱਜ ਕੁਰਸੀਆਂ ਤੁਹਾਡੇ ਹੇਠਾਂ ਹਨ, ਕੱਲ੍ਹ ਕਿੱਥੇ ਹੋਣਗੀਆਂ, ਕਿਸੇ ਨੂੰ ਨਹੀਂ ਪਤਾ। ਇਸ ਲਈ ਅਜਿਹੀ ਸੌੜੀ ਸਿਆਸਤ ਤੋਂ ਗੁਰੇਜ਼ ਕਰੋ।"

ਖੰਨਾ ਨੇ ਕਿਹਾ ਕਿ ਸਿਆਸੀ ਆਗੂਆਂ ਨੂੰ ਲੋਕਾਂ ਵਿੱਚ ਜਾ ਕੇ ਕੰਮ ਕਰਨੇ ਚਾਹੀਦੇ ਹਨ ਅਤੇ ਆਪਣੇ ਕੰਮਾਂ ਦੇ ਆਧਾਰ 'ਤੇ ਵੋਟਾਂ ਮੰਗਣੀਆਂ ਚਾਹੀਦੀਆਂ ਹਨ। ਤਿਉਹਾਰਾਂ ਦੀਆਂ ਵਧਾਈਆਂ ਦੇਣ ਵਾਲੇ ਪੋਸਟਰਾਂ ਨੂੰ ਲੈ ਕੇ ਵਿਵਾਦ ਖੜ੍ਹਾ ਕਰਨਾ ਲੋਕਤੰਤਰੀ ਕਦਰਾਂ-ਕੀਮਤਾਂ ਦੇ ਉਲਟ ਹੈ।

ਢਕੋਲੀ ਵਿੱਚ ਮੇਰੀ ਜ਼ਮੀਨ 'ਤੇ ਬਿਨਾਂ ਪੁੱਛੇ ਕੰਧ ਕਿਸ ਦੇ ਹੁਕਮਾਂ 'ਤੇ ਬਣਾਈ?—ਖੰਨਾ

ਪ੍ਰੈੱਸ ਕਾਨਫਰੰਸ ਦੌਰਾਨ ਸੰਜੀਵ ਖੰਨਾ ਨੇ ਢਕੋਲੀ ਸਥਿਤ ਆਪਣੀ ਨਿੱਜੀ ਜ਼ਮੀਨ ਦਾ ਮਾਮਲਾ ਵੀ ਚੁੱਕਿਆ। ਉਨ੍ਹਾਂ ਦਾਅਵਾ ਕੀਤਾ ਕਿ ਇਸ ਜ਼ਮੀਨ ਸਬੰਧੀ ਚੱਲ ਰਹੇ ਵਿਵਾਦ ਵਿੱਚ ਅਦਾਲਤ ਵੱਲੋਂ ਉਨ੍ਹਾਂ ਦੇ ਹੱਕ ਵਿੱਚ ਫ਼ੈਸਲਾ ਦਿੱਤਾ ਜਾ ਚੁੱਕਾ ਹੈ। ਇਸ ਦੇ ਬਾਵਜੂਦ ਨਗਰ ਕੌਂਸਲ ਵੱਲੋਂ ਉਨ੍ਹਾਂ ਦੀ ਇਜਾਜ਼ਤ ਲਏ ਬਿਨਾਂ ਜ਼ਮੀਨ 'ਤੇ ਕੰਧ ਦੀ ਉਸਾਰੀ ਕਰਵਾ ਦਿੱਤੀ ਗਈ।

ਉਨ੍ਹਾਂ ਸਵਾਲ ਕੀਤਾ ਕਿ ਆਖ਼ਰ ਕਿਸ ਅਧਿਕਾਰੀ ਦੇ ਹੁਕਮਾਂ 'ਤੇ ਨਿੱਜੀ ਜ਼ਮੀਨ ਉੱਪਰ ਉਸਾਰੀ ਕਰਵਾਈ ਗਈ? ਕੀ ਉਸਾਰੀ ਤੋਂ ਪਹਿਲਾਂ ਜ਼ਮੀਨ ਦੀ ਮਾਲਕੀ ਅਤੇ ਅਦਾਲਤੀ ਫ਼ੈਸਲੇ ਦੀ ਜਾਂਚ ਕੀਤੀ ਗਈ ਸੀ?

ਖੰਨਾ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਇਸੇ ਜ਼ਮੀਨ 'ਤੇ ਲਗਾਏ ਗਏ ਝੂਲੇ ਐੱਸਡੀਐੱਮ ਦੇ ਨਿਰਦੇਸ਼ਾਂ ਤੋਂ ਬਾਅਦ ਹਟਾਏ ਗਏ ਸਨ। ਉਨ੍ਹਾਂ ਦੋਸ਼ ਲਾਇਆ ਕਿ ਹੁਣ ਮੁੜ ਉਸੇ ਜ਼ਮੀਨ 'ਤੇ ਕੰਧ ਬਣਵਾ ਕੇ ਉਨ੍ਹਾਂ ਦੇ ਮਾਲਕੀ ਹੱਕਾਂ ਵਿੱਚ ਦਖ਼ਲਅੰਦਾਜ਼ੀ ਕੀਤੀ ਗਈ ਹੈ।

ਉਨ੍ਹਾਂ ਨਗਰ ਕੌਂਸਲ ਪ੍ਰਧਾਨ ਅਤੇ ਈਓ ਤੋਂ ਇਸ ਕਾਰਵਾਈ ਬਾਰੇ ਜਵਾਬ ਮੰਗਦਿਆਂ ਕਿਹਾ ਕਿ ਨਿੱਜੀ ਜਾਇਦਾਦ ਨਾਲ ਸਬੰਧਤ ਮਾਮਲਿਆਂ ਵਿੱਚ ਨਿਯਮਾਂ ਅਤੇ ਕਾਨੂੰਨੀ ਪ੍ਰਕਿਰਿਆ ਦੀ ਪਾਲਣਾ ਹੋਣੀ ਚਾਹੀਦੀ ਹੈ।

ਸੌੜੀ ਸਿਆਸਤ ਛੱਡ ਕੇ ਹਲਕੇ ਦੇ ਵਿਕਾਸ ਵੱਲ ਧਿਆਨ ਦੇਣ ਵਿਧਾਇਕ—ਖੰਨਾ

ਸੰਜੀਵ ਖੰਨਾ ਨੇ ਕਿਹਾ ਕਿ ਸਿਆਸੀ ਮਤਭੇਦ ਆਪਣੀ ਥਾਂ ਹਨ, ਪਰ ਧਾਰਮਿਕ ਤਿਉਹਾਰਾਂ ਅਤੇ ਸਮਾਜਿਕ ਭਾਈਚਾਰੇ ਨੂੰ ਸਿਆਸਤ ਦਾ ਅਖਾੜਾ ਨਹੀਂ ਬਣਾਉਣਾ ਚਾਹੀਦਾ। ਤਿਉਹਾਰ ਲੋਕਾਂ ਨੂੰ ਆਪਸ ਵਿੱਚ ਜੋੜਨ ਅਤੇ ਪਿਆਰ-ਮੁਹੱਬਤ ਦਾ ਸੁਨੇਹਾ ਦੇਣ ਲਈ ਮਨਾਏ ਜਾਂਦੇ ਹਨ।

ਉਨ੍ਹਾਂ ਵਿਧਾਇਕ ਰੰਧਾਵਾ ਅਤੇ ਨਗਰ ਕੌਂਸਲ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਵਿਰੋਧੀ ਧਿਰ ਨਾਲ ਵਿਤਕਰਾ ਕਰਨ ਦੀ ਬਜਾਏ ਇਲਾਕੇ ਦੀਆਂ ਬੁਨਿਆਦੀ ਸਮੱਸਿਆਵਾਂ ਅਤੇ ਵਿਕਾਸ ਕਾਰਜਾਂ ਵੱਲ ਧਿਆਨ ਦਿੱਤਾ ਜਾਵੇ।ਖੰਨਾ ਨੇ ਕਿਹਾ ਕਿ ਲੋਕ ਸਭ ਕੁਝ ਦੇਖ ਰਹੇ ਹਨ ਅਤੇ ਸਮਾਂ ਆਉਣ 'ਤੇ ਆਪਣੇ ਵੋਟ ਦੇ ਅਧਿਕਾਰ ਰਾਹੀਂ ਜਵਾਬ ਦੇਣਾ ਜਾਣਦੇ ਹਨ।

ਦੂਜੇ ਪਾਸੇ, ਸੰਜੀਵ ਖੰਨਾ ਵੱਲੋਂ ਲਾਏ ਗਏ ਦੋਸ਼ਾਂ ਸਬੰਧੀ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਅਤੇ ਨਗਰ ਕੌਂਸਲ ਪ੍ਰਸ਼ਾਸਨ ਦਾ ਪੱਖ ਅਜੇ ਸਾਹਮਣੇ ਨਹੀਂ ਆਇਆ। ਢਕੋਲੀ ਦੀ ਜ਼ਮੀਨ ਸਬੰਧੀ ਦਾਅਵਿਆਂ, ਅਦਾਲਤੀ ਫ਼ੈਸਲੇ ਅਤੇ ਪੋਸਟਰ ਉਤਾਰਨ ਦੀ ਕਾਰਵਾਈ ਦੀ ਸੁਤੰਤਰ ਪੁਸ਼ਟੀ ਹੋਣੀ ਬਾਕੀ ਹੈ।

ਬਲਟਾਣਾ ਵਿੱਚ ਚਿੱਟੇ ਦੇ ਕਾਰੋਬਾਰ ਖ਼ਿਲਾਫ਼ ਪਿੰਡ ਵਾਸੀਆਂ ਨੇ ਖੋਲ੍ਹਿਆ ਮੋਰਚਾ

ਸਾਂਝੀ ਖ਼ਬਰ

ਮੁੜ ਚਿੱਟਾ ਵੇਚਦੇ ਫੜੇ ਗਏ ਤਾਂ ਜਾਇਦਾਦ ਦੀ ਜਾਂਚ ਤੋਂ ਲੈ ਕੇ ਕੁਰਕੀ ਤੱਕ ਦੀ ਕਾਨੂੰਨੀ ਕਾਰਵਾਈ ਲਈ ਲੜਾਂਗੇ

ਨਸ਼ਾ ਛੱਡਣ ਵਾਲਿਆਂ ਨੂੰ ਸਧਰਨ ਦਾ ਇੱਕ ਮੌਕਾ, ਪਰ ਮੁੜ ਇਸ ਧੰਦੇ ਵਿੱਚ ਪੈਣ ਵਾਲਿਆਂ ਲਈ ਕੋਈ ਨਰਮੀ ਨਹੀਂ; ਪਿੰਡ ਵਾਸੀਆਂ ਅਤੇ ਗੁਆਂਢੀਆਂ ਨੇ ਡੱਟ ਕੇ ਦਿੱਤਾ ਸਾਥ।

ਦਿਲਬਾਗ ਸਿੰਘ ਕੰਬੋਜ

ਬਲਟਾਣਾ , 11 ਨਵੰਬਰ

ਪੰਜਾਬ ਦੀ ਜਵਾਨੀ ਨੂੰ ਬਰਬਾਦ ਕਰ ਰਹੇ ਚਿੱਟੇ ਵਰਗੇ ਘਾਤਕ ਨਸ਼ੇ ਖ਼ਿਲਾਫ਼ ਪਿੰਡ ਬਲਟਾਣਾ ਦੇ ਵਸਨੀਕਾਂ ਨੇ ਇਕਜੁੱਟ ਹੋ

ਚੈੱਕ ਟੂਰਿਜ਼ਮ, ਬੁਡਵੇਜ਼ੋਵਿਕੀ ਬੁਡਵਾਰ ਅਤੇ ਵ੍ਰੇਡੇਸਟਾਈਨ ਟਾਇਰਜ਼ ਵੱਲੋਂ 32ਵੀਂ ਪੰਜਾਬ ਓਪਨ ਲੇਡੀਜ਼ ਐਮੇਚਿਓਰ ਗੋਲਫ ਚੈਂਪੀਅਨਸ਼ਿਪ 2026 ਨੂੰ ਸਹਿਯੋਗ

ਸਾਂਝੀ ਖ਼ਬਰ

ਚੰਡੀਗੜ੍ਹ ਗੋਲਫ ਕਲੱਬ ਵਿਖੇ ਦੇਸ਼ ਭਰ ਦੀਆਂ ਪ੍ਰਮੁੱਖ ਮਹਿਲਾ ਗੋਲਫ ਖਿਡਾਰਨਾਂ ਦਿਖਾਉਣਗੀਆਂ ਆਪਣਾ ਹੁਨਰ; ਵ੍ਰੇਡੇਸਟਾਈਨ ਡੱਚ ਟਾਇਰਜ਼ ਪ੍ਰਿੰਸੀਪਲ ਸਪਾਂਸਰ ਵਜੋਂ ਜੁੜਿਆ



ਪੀ ਐਸ ਮਿੱਠਾ
ਚੰਡੀਗੜ੍ਹ, 11 ਨਵੰਬਰ

ਭਾਰਤ ਦੇ ਸਭ ਤੋਂ ਪ੍ਰਸਿੱਧ ਗੋਲਫ ਸੰਸਥਾਨਾਂ ਵਿੱਚੋਂ ਇੱਕ ਚੰਡੀਗੜ੍ਹ ਗੋਲਫ ਕਲੱਬ ਵੱਲੋਂ 32ਵੀਂ ਪੰਜਾਬ ਓਪਨ ਲੇਡੀਜ਼ ਐਮੇਚਿਓਰ ਗੋਲਫ ਚੈਂਪੀਅਨਸ਼ਿਪ 2026 ਦਾ ਐਲਾਨ ਕੀਤਾ ਗਿਆ ਹੈ। ਇਹ ਵੱਕਾਰੀ ਖੇਡ ਮੁਕਾਬਲਾ ਦੇਸ਼ ਭਰ ਦੀਆਂ ਪ੍ਰਮੁੱਖ ਮਹਿਲਾ ਗੋਲਫ ਖਿਡਾਰਨਾਂ ਨੂੰ ਇੱਕ ਮੰਚ 'ਤੇ ਇਕੱਠਾ ਕਰੇਗਾ, ਜਿੱਥੇ ਖੇਡ ਪ੍ਰਤਿਭਾ, ਮੁਕਾਬਲੇਬਾਜ਼ੀ ਅਤੇ ਆਪਸੀ ਸਾਂਝ ਦਾ ਸ਼ਾਨਦਾਰ ਪ੍ਰਦਰਸ਼ਨ ਦੇਖਣ ਨੂੰ ਮਿਲੇਗਾ।

ਸਾਲ 1966 ਵਿੱਚ ਸਥਾਪਿਤ ਚੰਡੀਗੜ੍ਹ ਗੋਲਫ ਕਲੱਬ ਨੇ ਭਾਰਤ ਵਿੱਚ ਗੋਲਫ ਦੀਆਂ ਪ੍ਰਤਿਭਾਵਾਂ ਨੂੰ ਨਿਖਾਰਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਛੇ ਦਹਾਕਿਆਂ ਤੋਂ ਵੱਧ ਦੀ ਵਿਰਾਸਤ ਅਤੇ ਕਈ ਕੌਮੀ ਪੱਧਰ ਦੀਆਂ ਚੈਂਪੀਅਨਸ਼ਿਪਾਂ ਦੀ ਮੇਜ਼ਬਾਨੀ ਦਾ ਮਾਣ ਹਾਸਲ ਕਰਨ ਵਾਲਾ ਇਹ ਕਲੱਬ ਨਵੀਂ ਪੀੜ੍ਹੀ ਦੇ ਖਿਡਾਰੀਆਂ ਨੂੰ ਅੱਗੇ ਵਧਣ ਲਈ ਮਹੱਤਵਪੂਰਨ ਮੰਚ ਪ੍ਰਦਾਨ ਕਰ ਰਿਹਾ ਹੈ।

ਚੰਡੀਗੜ੍ਹ ਗੋਲਫ ਕਲੱਬ ਦੀ ਲੇਡੀ ਕੈਪਟਨ ਸ੍ਰੀਮਤੀ ਆਸ਼ੂ ਸਿੰਘ ਨੇ ਕਿਹਾ ਕਿ ਪੰਜਾਬ ਓਪਨ ਲੇਡੀਜ਼ ਐਮੇਚਿਓਰ ਗੋਲਫ ਚੈਂਪੀਅਨਸ਼ਿਪ ਉੱਤਰੀ ਭਾਰਤ ਦੇ ਸਭ ਤੋਂ ਵੱਡੇ ਅਤੇ ਸਨਮਾਨਿਤ ਮਹਿਲਾ ਐਮੇਚਿਓਰ ਗੋਲਫ ਟੂਰਨਾਮੈਂਟਾਂ ਵਿੱਚੋਂ ਇੱਕ ਹੈ।

ਉਨ੍ਹਾਂ ਕਿਹਾ, "ਇਹ ਚੈਂਪੀਅਨਸ਼ਿਪ ਉੱਭਰਦੀਆਂ ਮਹਿਲਾ ਗੋਲਫ ਖਿਡਾਰਨਾਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਲਈ ਸ਼ਾਨਦਾਰ ਮੰਚ ਪ੍ਰਦਾਨ ਕਰਦੀ ਹੈ ਅਤੇ ਉਨ੍ਹਾਂ ਨੂੰ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਮੁਕਾਬਲਾ ਕਰਨ ਲਈ ਤਿਆਰ ਕਰਦੀ ਹੈ। ਸਾਨੂੰ ਦੇਸ਼ ਭਰ ਤੋਂ ਖਿਡਾਰਨਾਂ ਦਾ ਸਵਾਗਤ ਕਰਕੇ ਖੁਸ਼ੀ ਹੋ ਰਹੀ ਹੈ। ਅਸੀਂ ਆਪਣੇ ਉਨ੍ਹਾਂ ਸਹਿਯੋਗੀਆਂ ਦੇ ਵੀ ਧੰਨਵਾਦੀ ਹਾਂ, ਜੋ ਗੋਲਫ ਦੀ ਖੇਡ ਨੂੰ ਉਤਸ਼ਾਹਿਤ ਕਰਨ ਦੇ ਸਾਡੇ ਉਦੇਸ਼ ਨਾਲ ਜੁੜੇ ਹਨ।"

ਇਸ ਚੈਂਪੀਅਨਸ਼ਿਪ ਨੂੰ ਵ੍ਰੇਡੇਸਟਾਈਨ ਡੱਚ ਟਾਇਰਜ਼ ਵੱਲੋਂ ਪ੍ਰਿੰਸੀਪਲ ਸਪਾਂਸਰ ਵਜੋਂ ਸਹਿਯੋਗ ਦਿੱਤਾ ਜਾ ਰਿਹਾ ਹੈ, ਜਦਕਿ ਚੈੱਕ ਟੂਰਿਜ਼ਮ ਅਤੇ ਚੈੱਕ ਗਣਰਾਜ ਦੀ ਪ੍ਰਸਿੱਧ ਬੀਅਰ ਕੰਪਨੀ ਬੁਡਵੇਜ਼ੋਵਿਕੀ ਬੁਡਵਾਰ ਅਧਿਕਾਰਤ ਭਾਈਵਾਲ ਵਜੋਂ ਇਸ ਨਾਲ ਜੁੜੇ ਹਨ। ਇਨ੍ਹਾਂ ਅੰਤਰਰਾਸ਼ਟਰੀ ਭਾਈਵਾਲੀਆਂ ਨਾਲ ਇਸ ਮੁਕਾਬਲੇ ਨੂੰ ਹੋਰ ਵਿਸ਼ਵ ਪੱਧਰੀ ਪਛਾਣ ਮਿਲੇਗੀ।

ਚੈੱਕ ਵਫ਼ਦ ਦੀ ਨੁਮਾਇੰਦਗੀ ਕਰ ਰਹੇ ਸ੍ਰੀ ਇਵਾਨ ਸ਼ਵਾਰਜ਼, ਐਕਸਪੋਰਟ ਡਾਇਰੈਕਟਰ, ਬੁਡਵੇਜ਼ੋਵਿਕੀ ਬੁਡਵਾਰ ਐਨ.ਪੀ.; ਸ੍ਰੀਮਤੀ ਅਨੇਤਾ ਲੇਸ਼ਕੋਵਾ, ਬ੍ਰਾਂਡ ਮੈਨੇਜਰ, ਬੁਡਵੇਜ਼ੋਵਿਕੀ ਬੁਡਵਾਰ ਐਨ.ਪੀ. ਅਤੇ ਸ੍ਰੀਮਤੀ ਬਾਰਬਰਾ ਐਂਡੇਲੋਵਾ, ਚੈੱਕ ਟੂਰਿਜ਼ਮ ਨੇ ਭਾਰਤ ਵਿੱਚ ਬੁਡਵਾਰ ਦੇ ਰਾਸ਼ਟਰੀ ਵਿਤਰਕ ਐਗਵੇਜ਼ ਇੰਟਰਨੈਸ਼ਨਲ ਦੇ ਸਹਿਯੋਗ ਨਾਲ ਇਸ ਚੈਂਪੀਅਨਸ਼ਿਪ ਨੂੰ ਸਮਰਥਨ ਦਿੱਤਾ ਹੈ।

ਇਸ ਮੌਕੇ ਸ੍ਰੀ ਇਵਾਨ ਸ਼ਵਾਰਜ਼ ਨੇ ਕਿਹਾ, "ਭਾਰਤ ਦਾ ਇਹ ਸਾਡਾ ਪਹਿਲਾ ਦੌਰਾ ਹੈ ਅਤੇ ਸਾਨੂੰ ਅਜਿਹੇ ਵੱਕਾਰੀ ਗੋਲਫ ਮੁਕਾਬਲੇ ਨਾਲ ਜੁੜ ਕੇ ਮਾਣ ਮਹਿਸੂਸ ਹੋ ਰਿਹਾ ਹੈ। ਬੁਡਵਾਰ ਚੈੱਕ ਗਣਰਾਜ ਦੀ ਸਦੀਆਂ ਪੁਰਾਣੀ ਬੀਅਰ ਬਣਾਉਣ ਦੀ ਪਰੰਪਰਾ ਦਾ ਪ੍ਰਤੀਕ ਹੈ। ਅਸੀਂ ਖੇਡਾਂ, ਸੈਰ-ਸਪਾਟੇ ਅਤੇ ਰਵਾਇਤੀ ਕਾਰੀਗਰੀ ਰਾਹੀਂ ਸੱਭਿਆਚਾਰਕ ਸਾਂਝ ਨੂੰ ਉਤਸ਼ਾਹਿਤ ਕਰਨ ਵਿੱਚ ਵੱਡੀਆਂ ਸੰਭਾਵਨਾਵਾਂ ਦੇਖਦੇ ਹਾਂ। ਅਸੀਂ ਗੋਲਫ ਅਤੇ ਟੂਰਿਜ਼ਮ ਰਾਹੀਂ ਭਾਰਤ ਵਿੱਚ ਅਰਥਪੂਰਨ ਭਾਈਵਾਲੀਆਂ ਸਥਾਪਿਤ ਕਰਨ ਲਈ ਉਤਸ਼ਾਹਿਤ ਹਾਂ।"

ਸ੍ਰੀਮਤੀ ਅਨੇਤਾ ਲੇਸ਼ਕੋਵਾ ਨੇ ਕਿਹਾ, "ਬੁਡਵਾਰ ਚੈੱਕ ਗਣਰਾਜ ਦੀਆਂ ਸੱਭਿਆਚਾਰਕ ਪਛਾਣਾਂ ਵਿੱਚੋਂ ਇੱਕ ਹੈ, ਜਿਸ ਨੂੰ ਦੁਨੀਆ ਭਰ ਵਿੱਚ ਆਪਣੀ ਬ੍ਰੂਇੰਗ ਗੁਣਵੱਤਾ ਅਤੇ ਵਿਰਾਸਤ ਲਈ ਜਾਣਿਆ ਜਾਂਦਾ ਹੈ। ਇਸ ਸਾਲ ਦੇ ਸ਼ੁਰੂ ਵਿੱਚ ਭਾਰਤ ਵਿੱਚ ਸਫ਼ਲ ਸ਼ੁਰੂਆਤ ਤੋਂ ਬਾਅਦ ਸਾਨੂੰ ਇਸ ਚੈਂਪੀਅਨਸ਼ਿਪ ਦਾ ਸਹਿਯੋਗ ਕਰਨ ਅਤੇ ਚੰਡੀਗੜ੍ਹ ਗੋਲਫ ਕਲੱਬ ਨਾਲ ਆਪਣੇ ਸਬੰਧ ਹੋਰ ਮਜ਼ਬੂਤ ਕਰਨ ਦੀ ਖੁਸ਼ੀ ਹੈ। ਅਸੀਂ ਨਵੀਂ ਦਿੱਲੀ ਸਥਿਤ ਚੈੱਕ ਦੂਤਾਵਾਸ, ਚੰਡੀਗੜ੍ਹ ਦੇ ਆਨਰੇਰੀ ਕੌਂਸਲੇਟ ਅਤੇ ਮੇਜਰ ਆਰ.ਐੱਸ. (ਲਾਲੀ) ਵਿਰਕ ਦੀ ਇੰਡੋ-ਚੈੱਕ ਸਹਿਯੋਗ ਨੂੰ ਉਤਸ਼ਾਹਿਤ ਕਰਨ ਵਿੱਚ ਨਿਭਾਈ ਜਾ ਰਹੀ ਭੂਮਿਕਾ ਲਈ ਦਿਲੋਂ ਧੰਨਵਾਦ ਕਰਦੇ ਹਾਂ।"

ਟੂਰਨਾਮੈਂਟ ਦੇ ਮੁੱਖ ਆਕਰਸ਼ਣ

32ਵੀਂ ਪੰਜਾਬ ਓਪਨ ਲੇਡੀਜ਼ ਐਮੇਚਿਓਰ ਗੋਲਫ ਚੈਂਪੀਅਨਸ਼ਿਪ 2026 ਵਿੱਚ ਕਈ ਵਿਸ਼ੇਸ਼ ਮੁਕਾਬਲੇ ਅਤੇ ਗਤੀਵਿਧੀਆਂ ਸ਼ਾਮਲ ਹੋਣਗੀਆਂ:

- ਦੇਸ਼ ਭਰ ਦੀਆਂ ਪ੍ਰਮੁੱਖ ਐਮੇਚਿਓਰ ਅਤੇ ਐਲੀਟ ਮਹਿਲਾ ਗੋਲਫ ਖਿਡਾਰਨਾਂ ਦੀ ਸ਼ਮੂਲੀਅਤ।
- ਸਟ੍ਰੋਕ-ਪਲੇ ਫਾਰਮੈਟ ਵਿੱਚ ਉੱਚ ਪੱਧਰੀ ਮੁਕਾਬਲੇ।
- ਸੀਨੀਅਰ ਗੋਲਫ ਖਿਡਾਰਨਾਂ ਅਤੇ ਉੱਭਰਦੀਆਂ ਨੌਜਵਾਨ ਪ੍ਰਤਿਭਾਵਾਂ ਲਈ ਵਿਸ਼ੇਸ਼ ਸ਼੍ਰੇਣੀਆਂ।
- ਕਈ ਦਿਨਾਂ ਤੱਕ ਚੱਲਣ ਵਾਲਾ ਮੁਕਾਬਲਾ, ਜਿਸ ਵਿੱਚ ਸਟੀਕਤਾ, ਸਹਿਣਸ਼ੀਲਤਾ ਅਤੇ ਰਣਨੀਤਕ ਹੁਨਰ ਦੀ ਪਰਖ ਹੋਵੇਗੀ।
- ਨਵੀਂ ਪ੍ਰਤਿਭਾ ਨੂੰ ਉਤਸ਼ਾਹਿਤ ਕਰਨ ਅਤੇ ਕੌਮੀ ਰੈਂਕਿੰਗ ਵਿੱਚ ਆਪਣੀ ਪਛਾਣ ਬਣਾਉਣ ਦੇ ਮੌਕੇ।

ਇਹ ਟੂਰਨਾਮੈਂਟ ਚੰਡੀਗੜ੍ਹ ਗੋਲਫ ਕਲੱਬ ਦੇ ਪ੍ਰਸਿੱਧ ਚੈਂਪੀਅਨਸ਼ਿਪ ਕੋਰਸ ਵਿੱਚ ਕਰਵਾਇਆ ਜਾਵੇਗਾ, ਜੋ ਆਪਣੇ ਸ਼ਾਨਦਾਰ ਫੇਅਰਵੇਜ਼, ਚੁਣੌਤੀਪੂਰਨ ਖੇਡ ਮੈਦਾਨ ਅਤੇ ਵਿਸ਼ਵ ਪੱਧਰੀ ਸਾਂਭ-ਸੰਭਾਲ ਲਈ ਜਾਣਿਆ ਜਾਂਦਾ ਹੈ। ਕਈ ਪ੍ਰਮੁੱਖ ਕੌਮੀ ਐਮੇਚਿਓਰ ਚੈਂਪੀਅਨਸ਼ਿਪਾਂ ਦੀ ਮੇਜ਼ਬਾਨੀ ਕਰ ਚੁੱਕਾ ਇਹ ਕਲੱਬ ਇਸ ਪੱਧਰ ਦੇ ਮੁਕਾਬਲੇ ਲਈ ਆਦਰਸ਼ ਸਥਾਨ ਹੈ।

ਇਹ ਚੈਂਪੀਅਨਸ਼ਿਪ ਚੰਡੀਗੜ੍ਹ ਗੋਲਫ ਕਲੱਬ ਵਿੱਚ ਹੋਏ ਇੱਕ ਰੋਮਾਂਚਕ ਖੇਡ ਸੀਜ਼ਨ ਤੋਂ ਬਾਅਦ ਕਰਵਾਈ ਜਾ ਰਹੀ ਹੈ। ਇਸ ਸੀਜ਼ਨ ਦਾ ਮੁੱਖ ਆਕਰਸ਼ਣ ਸਫ਼ਲਤਾਪੂਰਵਕ ਆਯੋਜਿਤ ਚੰਡੀਗੜ੍ਹ ਗੋਲਫ ਲੀਗ ਰਹੀ, ਜਿਸ ਵਿੱਚ ਵੱਖ-ਵੱਖ ਟੀਮਾਂ ਦਰਮਿਆਨ ਜ਼ਬਰਦਸਤ ਮੁਕਾਬਲਾ, ਰੋਮਾਂਚਕ ਨਤੀਜੇ ਅਤੇ ਸ਼ਾਨਦਾਰ ਪ੍ਰਦਰਸ਼ਨ ਦੇਖਣ ਨੂੰ ਮਿਲੇ।

ਚੰਡੀਗੜ੍ਹ ਗੋਲਫ ਕਲੱਬ ਦੇ ਪ੍ਰਧਾਨ ਮੇਜਰ ਆਰ.ਐੱਸ. (ਲਾਲੀ) ਵਿਰਕ ਨੇ ਕਿਹਾ, "ਪੰਜਾਬ ਓਪਨ ਲੇਡੀਜ਼ ਐਮੇਚਿਓਰ ਗੋਲਫ ਚੈਂਪੀਅਨਸ਼ਿਪ ਖੇਤਰ ਵਿੱਚ ਮਹਿਲਾ ਗੋਲਫ ਦੇ ਵਧਦੇ ਮਿਆਰ ਅਤੇ ਪ੍ਰਸਿੱਧੀ ਦਾ ਪ੍ਰਤੀਕ ਹੈ। ਚੰਡੀਗੜ੍ਹ ਗੋਲਫ ਕਲੱਬ ਹਮੇਸ਼ਾ ਹੀ ਖੇਡ ਪ੍ਰਤਿਭਾ ਨੂੰ ਨਿਖਾਰਨ ਅਤੇ ਖਿਡਾਰੀਆਂ ਨੂੰ ਵਿਸ਼ਵ ਪੱਧਰੀ ਮੁਕਾਬਲੇ ਦਾ ਮੰਚ ਪ੍ਰਦਾਨ ਕਰਨ ਲਈ ਵਚਨਬੱਧ ਰਿਹਾ ਹੈ। ਚੈੱਕ ਟੂਰਿਜ਼ਮ ਅਤੇ ਬੁਡਵੇਜ਼ੋਵਿਕੀ ਬੁਡਵਾਰ ਨਾਲ ਸਾਡੇ ਉੱਭਰਦੇ ਸਬੰਧ ਖੇਡਾਂ, ਸੈਰ-ਸਪਾਟੇ ਅਤੇ ਸੱਭਿਆਚਾਰਕ ਅਦਾਨ-ਪ੍ਰਦਾਨ ਦੇ ਖੇਤਰ ਵਿੱਚ ਅੰਤਰਰਾਸ਼ਟਰੀ ਸਹਿਯੋਗ ਦੀਆਂ ਨਵੀਆਂ ਸੰਭਾਵਨਾਵਾਂ ਖੋਲ੍ਹਦੇ ਹਨ। ਅਸੀਂ ਮਿਲ ਕੇ ਗੋਲਫ ਦੀ ਅਗਲੀ ਪੀੜ੍ਹੀ ਦੇ ਖਿਡਾਰੀਆਂ ਨੂੰ ਉਤਸ਼ਾਹਿਤ ਕਰਨ ਲਈ ਯਤਨਸ਼ੀਲ ਰਹਾਂਗੇ।"

32ਵੀਂ ਪੰਜਾਬ ਓਪਨ ਲੇਡੀਜ਼ ਐਮੇਚਿਓਰ ਗੋਲਫ ਚੈਂਪੀਅਨਸ਼ਿਪ 2026 ਪੰਜਾਬ ਦੇ ਖੇਡ ਕੈਲੰਡਰ ਦਾ ਇੱਕ ਯਾਦਗਾਰ ਆਯੋਜਨ ਸਾਬਤ ਹੋਣ ਦੀ ਉਮੀਦ ਹੈ। ਇਹ ਮੁਕਾਬਲਾ ਚੰਡੀਗੜ੍ਹ ਗੋਲਫ ਕਲੱਬ ਦੀ ਸ਼ਾਨਦਾਰ ਵਿਰਾਸਤ ਨੂੰ ਹੋਰ ਮਜ਼ਬੂਤ ਕਰਨ ਦੇ ਨਾਲ-ਨਾਲ ਮਹਿਲਾ ਗੋਲਫ, ਅੰਤਰਰਾਸ਼ਟਰੀ ਭਾਈਵਾਲੀ ਅਤੇ ਖੇਤਰ ਵਿੱਚ ਖੇਡਾਂ ਦੇ ਵਿਕਾਸ ਨੂੰ ਵੀ ਨਵੀਂ ਦਿਸ਼ਾ ਪ੍ਰਦਾਨ ਕਰੇਗਾ।

ਬਲਟਾਣਾ ਨੂੰ ਵਿਕਾਸ ਦੇ ਨਹੀਂ, ਖ਼ਤਰੇ ਦੇ ਤੋਹਫ਼ੇ ਦੇ ਰਹੀਆਂ ਨੇ ਹਕੂਮਤਾਂ!

ਸਾਂਝੀ ਖ਼ਬਰ

ਤਿੰਨ ਮਹੀਨਿਆਂ ਤੋਂ ਮੌਤ ਨੂੰ ਸੱਦਾ ਦੇ ਰਹੇ ਲੜਖੜਾਉਂਦੇ ਬਿਜਲੀ ਦੇ ਖੰਭੇ, ਉੱਪਰੋਂ ਲੰਘ ਰਹੀਆਂ ਹਾਈਟੈਂਸ਼ਨ ਤਾਰਾਂ; SDO ਨੂੰ ਜਵਾਬਦੇਹੀ ਦਾ ਸਵਾਲ ਪੁੱਛਿਆ ਤਾਂ ਫੋਨ ਹੋਇਆ ਡਿਸਕਨੈਕਟ!

10 ਸਤੰਬਰ ਨੂੰ ਵੀਡੀਓ ਰਾਹੀਂ ਮਾਮਲਾ ਆਇਆ ਸੀ ਸਾਹਮਣੇ, 11 ਨਵੰਬਰ ਨੂੰ ਵੀ ਹਾਲਾਤ ਜਿਉਂ ਦੇ ਤਿਉਂ; SDO ਪ੍ਰਦੀਪ ਕੁਮਾਰ ਨੇ ਵੀਡੀਓ ਭੇਜਣ 'ਤੇ ਕਾਰਵਾਈ ਦਾ ਦਿੱਤਾ ਭਰੋਸਾ।



ਦਿਲਬਾਗ ਸਿੰਘ ਕੰਬੋਜ
ਬਲਟਾਣਾ , 11 ਨਵੰਬਰ

ਵਿਕਾਸ ਦੇ ਵੱਡੇ-ਵੱਡੇ ਦਾਅਵੇ ਕਰਨ ਵਾਲੀਆਂ ਹਕੂਮਤਾਂ ਦੇ ਕੰਮਾਂ ਦੀ ਅਸਲੀਅਤ ਉਸ ਸਮੇਂ ਸਾਹਮਣੇ ਆਉਂਦੀ ਹੈ, ਜਦੋਂ ਲੋਕਾਂ ਦੀ ਜਾਨ ਨਾਲ ਜੁੜੇ ਬੁਨਿਆਦੀ ਮਸਲੇ ਮਹੀਨਿਆਂ ਤੱਕ ਅਣਗੌਲੇ ਪਏ ਰਹਿੰਦੇ ਹਨ। ਬਲਟਾਣਾ ਵਿੱਚ ਕਿਤੇ ਟੁੱਟੇ ਮੈਨਹੋਲ ਲੋਕਾਂ ਲਈ ਖ਼ਤਰਾ ਬਣੇ ਹੋਏ ਹਨ, ਕਿਤੇ ਲੜਖੜਾਉਂਦੇ ਬਿਜਲੀ ਦੇ ਖੰਭੇ ਵੱਡੇ ਹਾਦਸੇ ਨੂੰ ਸੱਦਾ ਦੇ ਰਹੇ ਹਨ ਅਤੇ ਦੂਜੇ ਪਾਸੇ ਨਸ਼ਿਆਂ ਦੀ ਸਮੱਸਿਆ ਵੀ ਲੋਕਾਂ ਲਈ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ। ਅਜਿਹੇ ਹਾਲਾਤ ਵਿੱਚ ਸਵਾਲ ਉੱਠਣਾ ਸੁਭਾਵਿਕ ਹੈ ਕਿ ਆਖ਼ਰ ਸ਼ਹਿਰ ਦੇ ਲੋਕ ਸੁਰੱਖਿਅਤ ਕਿੱਥੇ ਹਨ?

ਤਾਜ਼ਾ ਮਾਮਲਾ ਬਲਟਾਣਾ ਵਿੱਚ ਸੜਕ ਕਿਨਾਰੇ ਖ਼ਤਰਨਾਕ ਹਾਲਤ ਵਿੱਚ ਖੜ੍ਹੇ ਬਿਜਲੀ ਦੇ ਖੰਭਿਆਂ ਦਾ ਹੈ। ਇਨ੍ਹਾਂ ਖੰਭਿਆਂ ਦੀ ਮਾੜੀ ਹਾਲਤ ਸਬੰਧੀ 10 ਸਤੰਬਰ 2026 ਨੂੰ ਰਜਿੰਦਰ ਪਾਲ ਸਿੰਘ ਵੱਲੋਂ ਵੀਡੀਓ ਬਣਾ ਕੇ ਮਾਮਲਾ ਲੋਕਾਂ ਅਤੇ ਸਬੰਧਤ ਵਿਭਾਗ ਦੇ ਧਿਆਨ ਵਿੱਚ ਲਿਆਂਦਾ ਗਿਆ ਸੀ। ਉਸ ਸਮੇਂ ਇਨ੍ਹਾਂ ਖੰਭਿਆਂ ਉੱਤੇ ਆਮ ਆਦਮੀ ਪਾਰਟੀ ਦੇ ਮੌਜੂਦਾ ਵਿਧਾਇਕ ਸਰਦਾਰ ਕੁਲਜੀਤ ਸਿੰਘ ਰੰਧਾਵਾ ਦਾ ਬੋਰਡ ਲੱਗਿਆ ਹੋਇਆ ਸੀ, ਪਰ ਖੰਭਿਆਂ ਦੀ ਖ਼ਤਰਨਾਕ ਹਾਲਤ ਨੂੰ ਠੀਕ ਕਰਨ ਲਈ ਕੋਈ ਠੋਸ ਕਾਰਵਾਈ ਨਜ਼ਰ ਨਹੀਂ ਆਈ।

ਹੁਣ 11 ਨਵੰਬਰ ਨੂੰ ਸਾਂਝੀ ਖ਼ਬਰ ਟੀਮ ਦੇ ਪੱਤਰਕਾਰ ਦਿਲਬਾਗ ਸਿੰਘ ਕੰਬੋਜ ਵੱਲੋਂ ਜਦੋਂ ਮੁੜ ਮੌਕੇ ਦਾ ਜਾਇਜ਼ਾ ਲਿਆ ਗਿਆ ਤਾਂ ਹਾਲਾਤ ਹੋਰ ਵੀ ਚਿੰਤਾਜਨਕ ਨਜ਼ਰ ਆਏ। ਸਿਆਸੀ ਬੋਰਡ ਬਦਲਦੇ ਰਹੇ, ਪਰ ਲੋਕਾਂ ਦੀ ਸੁਰੱਖਿਆ ਨਾਲ ਜੁੜਿਆ ਇਹ ਮਸਲਾ ਉੱਥੇ ਦਾ ਉੱਥੇ ਹੀ ਖੜ੍ਹਾ ਹੈ। ਕਰੀਬ ਤਿੰਨ ਮਹੀਨਿਆਂ ਤੋਂ ਖ਼ਤਰਨਾਕ ਹਾਲਤ ਵਿੱਚ ਖੜ੍ਹੇ ਇਨ੍ਹਾਂ ਖੰਭਿਆਂ ਦੀ ਹਾਲਤ ਹੋਰ ਵਿਗੜਦੀ ਦਿਖਾਈ ਦੇ ਰਹੀ ਹੈ।

ਸਭ ਤੋਂ ਗੰਭੀਰ ਗੱਲ ਇਹ ਹੈ ਕਿ ਇਨ੍ਹਾਂ ਖੰਭਿਆਂ ਦੇ ਉੱਪਰੋਂ ਹਾਈਟੈਂਸ਼ਨ ਬਿਜਲੀ ਦੀਆਂ ਤਾਰਾਂ ਲੰਘ ਰਹੀਆਂ ਹਨ ਅਤੇ ਨਾਲ ਹੀ ਸੜਕ ਹੈ, ਜਿੱਥੇ ਹਰ ਸਮੇਂ ਵਾਹਨਾਂ ਦੀ ਆਵਾਜਾਈ ਰਹਿੰਦੀ ਹੈ ਅਤੇ ਅਕਸਰ ਜਾਮ ਵੀ ਲੱਗਿਆ ਰਹਿੰਦਾ ਹੈ। ਕਿਸੇ ਤੇਜ਼ ਹਨੇਰੀ, ਝੱਖੜ ਜਾਂ ਵਾਹਨ ਦੀ ਟੱਕਰ ਕਾਰਨ ਜੇਕਰ ਇਹ ਖੰਭੇ ਡਿੱਗ ਪਏ ਤਾਂ ਵੱਡਾ ਜਾਨੀ-ਮਾਲੀ ਹਾਦਸਾ ਵਾਪਰ ਸਕਦਾ ਹੈ। ਕੀ ਸਬੰਧਤ ਵਿਭਾਗ ਕਿਸੇ ਅਣਸੁਖਾਵੀਂ ਘਟਨਾ ਤੋਂ ਬਾਅਦ ਹੀ ਜਾਗੇਗਾ?

SDO ਪ੍ਰਦੀਪ ਕੁਮਾਰ ਨੇ ਵੀਡੀਓ ਮੰਗੀ, ਕਾਰਵਾਈ ਦਾ ਦਿੱਤਾ ਭਰੋਸਾ; ਜਵਾਬਦੇਹੀ ਬਾਰੇ ਸਵਾਲ 'ਤੇ ਨਹੀਂ ਮਿਲਿਆ ਸਪੱਸ਼ਟ ਜਵਾਬ

ਇਸ ਮਾਮਲੇ ਸਬੰਧੀ ਬਿਜਲੀ ਵਿਭਾਗ ਦੇ SDO ਪ੍ਰਦੀਪ ਕੁਮਾਰ ਨਾਲ ਫੋਨ 'ਤੇ ਗੱਲ ਕਰਕੇ ਉਨ੍ਹਾਂ ਦਾ ਪੱਖ ਜਾਣਨ ਦੀ ਕੋਸ਼ਿਸ਼ ਕੀਤੀ ਗਈ। SDO ਪ੍ਰਦੀਪ ਕੁਮਾਰ ਨੇ ਕਿਹਾ ਕਿ ਤੁਸੀਂ ਆਪਣੀ ਵੀਡੀਓ ਭੇਜ ਦਿਓ, ਜੋ ਵੀ ਮਾਮਲਾ ਹੋਵੇਗਾ ਉਸ ਨੂੰ ਠੀਕ ਕਰਵਾਇਆ ਜਾਵੇਗਾ। ਜੇਕਰ ਮਾਮਲਾ ਕਿਸੇ ਨਿੱਜੀ ਵਿਅਕਤੀ ਨਾਲ ਸਬੰਧਤ ਹੋਇਆ ਤਾਂ ਉਸ ਲਈ ਲੋੜੀਂਦੀ ਪ੍ਰਕਿਰਿਆ ਅਤੇ ਫਾਰਮ ਆਦਿ ਦੀ ਕਾਰਵਾਈ ਕਰਵਾਈ ਜਾਵੇਗੀ।

ਪਰ ਜਦੋਂ ਸਾਂਝੀ ਖ਼ਬਰ ਦੇ ਪੱਤਰਕਾਰ ਦਿਲਬਾਗ ਸਿੰਘ ਕੰਬੋਜ ਵੱਲੋਂ ਉਨ੍ਹਾਂ ਨੂੰ ਇਹ ਸਵਾਲ ਪੁੱਛਿਆ ਗਿਆ ਕਿ ਜਦੋਂ ਪਿਛਲੇ ਕਰੀਬ ਤਿੰਨ ਮਹੀਨਿਆਂ ਤੋਂ ਇਨ੍ਹਾਂ ਖੰਭਿਆਂ ਦੀ ਹਾਲਤ ਖ਼ਤਰਨਾਕ ਬਣੀ ਹੋਈ ਹੈ ਤਾਂ ਇਸ ਦੇਰੀ ਅਤੇ ਲਾਪਰਵਾਹੀ ਲਈ ਜ਼ਿੰਮੇਵਾਰ ਕੌਣ ਹੈ? ਜੇਕਰ ਕੋਈ ਵੱਡਾ ਹਾਦਸਾ ਵਾਪਰਦਾ ਹੈ ਤਾਂ ਉਸ ਦੀ ਜਵਾਬਦੇਹੀ ਕਿਸ ਦੀ ਹੋਵੇਗੀ? ਕੀ ਇਸ ਮਾਮਲੇ ਵਿੱਚ ਜ਼ਿੰਮੇਵਾਰ ਅਧਿਕਾਰੀਆਂ ਜਾਂ ਕਰਮਚਾਰੀਆਂ ਖ਼ਿਲਾਫ਼ ਕਾਰਵਾਈ ਹੋਵੇਗੀ?

ਇਨ੍ਹਾਂ ਸਵਾਲਾਂ ਦਾ ਕੋਈ ਸਪੱਸ਼ਟ ਜਵਾਬ ਨਹੀਂ ਮਿਲਿਆ ਅਤੇ ਗੱਲਬਾਤ ਦੌਰਾਨ ਫੋਨ ਡਿਸਕਨੈਕਟ ਹੋ ਗਿਆ। ਹਾਲਾਂਕਿ SDO ਵੱਲੋਂ ਵੀਡੀਓ ਭੇਜਣ 'ਤੇ ਮਾਮਲਾ ਠੀਕ ਕਰਵਾਉਣ ਦਾ ਭਰੋਸਾ ਦਿੱਤਾ ਗਿਆ ਹੈ, ਪਰ ਲੋਕਾਂ ਦੀ ਸੁਰੱਖਿਆ ਨਾਲ ਜੁੜੇ ਇਸ ਮਾਮਲੇ ਵਿੱਚ ਜਵਾਬਦੇਹੀ ਤੈਅ

ਗੁਰੂ ਕਾਸ਼ੀ ਸਕੂਲ ਦੇ ਵਿਦਿਆਰਥੀਆਂ ਨੇ ਮਨਾਈ ਪਿਕਨਿਕ

ਸਾਂਝੀ ਖ਼ਬਰ



ਵੀਰਪਾਲ ਭਗਤਾ,
ਭਗਤਾ ਭਾਈਕਾ-

ਸੀਐੱਮਐੱਸ ਗੁਰੂ ਕਾਸ਼ੀ ਪਬਲਿਕ ਸਕੂਲ ਭਗਤਾ ਭਾਈਕਾ ਦੇ ਪ੍ਰੀ ਪ੍ਰਾਇਮਰੀ ਅਤੇ ਪ੍ਰਾਇਮਰੀ ਕਲਾਸਾਂ ਦੇ ਵਿਦਿਆਰਥੀਆਂ ਨੇ ਬਠਿੰਡਾ ਵਿਖੇ ਬਣੇ ਹੋਏ ਰੋਜ਼ ਗਾਰਡਨ ਵਿੱਚ ਪਿਕਨਿਕ ਮਨਾਈ। ਇਸ ਮੌਕੇ ਵਿਦਿਆਰਥੀਆਂ ਵਿੱਚ ਖਾਸਾ ਉਤਸ਼ਾਹ ਦੇਖਣ ਨੂੰ ਮਿਲਿਆ। ਸਕੂਲ ਵੱਲੋਂ ਵਿਦਿਆਰਥੀਆਂ ਨੂੰ ਰੋਜ਼ ਗਾਰਡਨ ਦੀ ਸੈਰ ਕਰਵਾਈ ਗਈ, ਜਿੱਥੇ ਉਨ੍ਹਾਂ ਨੇ ਵੱਖ-ਵੱਖ ਕਿਸਮਾਂ ਦੇ ਫੁੱਲਾਂ ਅਤੇ ਹਰੇ-ਭਰੇ ਮਾਹੌਲ ਦਾ ਆਨੰਦ ਮਾਣਿਆ। ਵਿਦਿਆਰਥੀਆਂ ਨੇ ਉੱਥੇ ਕਈ ਤਰ੍ਹਾਂ ਦੀਆਂ ਖੇਡਾਂ ਖੇਡੀਆਂ ਅਤੇ ਖੂਬ ਮਨੋਰੰਜਨ ਕੀਤਾ। ਅਧਿਆਪਕਾਂ ਵੱਲੋਂ ਵੀ ਬੱਚਿਆਂ ਦਾ ਪੂਰਾ ਸਾਥ ਦਿੱਤਾ ਗਿਆ। ਪਿਕਨਿਕ ਦੌਰਾਨ ਬੱਚਿਆਂ ਨੇ ਇੱਕ-ਦੂਜੇ ਨਾਲ ਮਿਲ-ਜੁਲ ਕੇ ਖਾਣਾ ਖਾਧਾ ਅਤੇ ਆਪਸੀ ਪਿਆਰ ਤੇ ਸਾਂਝ ਵਧਾਈ। ਬਾਅਦ ਵਿੱਚ ਸਕੂਲ ਪ੍ਰਬੰਧਕਾਂ ਵੱਲੋਂ ਸਾਰੇ ਵਿਦਿਆਰਥੀਆਂ ਨੂੰ ਰਿਫਰੈਸ਼ਮੈਂਟ ਵੀ ਦਿੱਤੀ ਗਈ। ਇਸ ਮੌਕੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਜੈ ਸਿੰਘ ਨੇ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਨਾਲ ਬੱਚਿਆਂ ਦਾ ਮਾਨਸਿਕ ਵਿਕਾਸ ਹੁੰਦਾ ਹੈ ਅਤੇ ਉਹ ਪੜ੍ਹਾਈ ਦੇ ਨਾਲ-ਨਾਲ ਕੁਦਰਤ ਨਾਲ ਵੀ ਜੁੜਦੇ ਹਨ। ਸਕੂਲ ਦੇ ਪ੍ਰਿੰਸੀਪਲ ਰਮਨ ਕੁਮਾਰ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਸ ਪਿਕਨਿਕ ਦੌਰਾਨ ਤੁਸੀਂ ਪੂਰੇ ਅਨੁਸ਼ਾਸਨ ਵਿੱਚ ਰਹਿੰਦਿਆਂ ਹੋਇਆਂ ਅਧਿਆਪਕਾਂ ਵੱਲੋਂ ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਹੀ ਪਿਕਨਿਕ ਮਨਾਓ, ਤਾਂ ਜੋ ਸਕੂਲ ਵੱਲੋਂ ਕੀਤੇ ਗਏ ਇਸ ਉਪਰਾਲੇ ਦਾ ਤੁਸੀਂ ਸਾਰੇ ਖ਼ੂਬ ਅਨੰਦ ਮਾਣ ਸਕੋ।

ਸੜਕ ਹਾਦਸੇ ਵਿਚ ਮਾਂ ਤੇ ਤਿੰਨ ਸਾਲਾ ਮਾਸੂਮ ਬੱਚੇ ਦੀ ਮੌਤ ਤੇ ਪਿਤਾ ਰੌਬਿਨ ਗੁਪਤਾ ਗੰਭੀਰ ਰੂਪ ਵਿਚ ਜਖਮੀ

ਸਾਂਝੀ ਖ਼ਬਰ



ਸਤਨਾਮ ਸਿੰਘ
ਸ਼ਾਹਬਾਦ ਮਾਰਕੰਡਾ

11 ਨਵੰਬਰ : ਸ਼ਾਹਬਾਦ ਦੇ ਉੱਘੇ ਕਾਰੋਬਾਰੀ ਰੌਬਿਨ ਗੁਪਤਾ ਦਾ ਪਰਿਵਾਰ ਬੀਤੀ ਰਾਤ ਜਦੋਂ ਉਹ ਮਥਾਣਾ ਕੁਰੂਕਸ਼ੇਤਰ ਦੇ ਜੀ ਟੀ ਰੋਡ ਤੇ ਇਕ ਹੋਟਲ ਤੋਂ ਖਾਣਾ ਖਾ ਕੇ ਆਪਣੇ ਪਰਿਵਾਰ ਸਣੇ ਸ਼ਾਹਬਾਦ ਵਾਪਸ ਘਰ ਪਰਤ ਰਿਹਾ ਸੀ ਤੋਂ ਉਨਾਂ ਦੀ ਥਾਰ ਗੱਡੀ ਪਿੰਡ ਰਤਨ ਗੜ ਨੇੜੇ ਇਕ ਭਿਆਨਕ ਹਾਦਸੇ ਦਾ ਸ਼ਿਕਾਰ ਹੋ ਗਈ। ਚਸ਼ਮਦੀਦਾਂ ਤੋਂ ਮਿਲੀ ਜਾਣਕਾਰੀ ਮੁਤਾਬਿਕ ਸ਼ਾਹਬਾਦ ਕੁਰੂਕਸ਼ੇਤਰ ਜੀ ਟੀ ਰੋਡ ਸੜਕ ਤੇ ਉਨਾਂ ਦੀ ਗੱਡੀ ਦੇ ਅੱਗੇ ਜਾ ਰਹੇ ਇਕ ਟੱਰਕ ਦੇ ਡਰਾਈਵਰ ਨੇ ਅਚਾਨਕ ਸੱਜੇ ਪਾਸੇ ਮੁੜ ਕੇ ਬਿਨਾਂ ਕਿਸੇ ਸੰਕੇਤਕ ਦੀ ਵਰਤੋਂ ਕੀਤੇ ਜੋਰ ਨਾਲ ਬਰੇਕ ਲਗਾਈ ਤੇ ਪਿਛੋਂ ਆ ਰਹੀ ਰੌਬਿਨ ਗੁਪਤਾ ਆਪਣੀ ਥਾਰ ਕਾਰ ਤੇ ਕਾਬੂ ਨਾ ਰੱਖ ਸਿੱਕਆ ਤੇ ਸਿੱਧੇ ਟਰੱਕ ਦੇ ਪਿਛਲੇ ਹਿੱਸੇ ਨਾਲ ਟਕਰਾ ਗਈ, ਟੱਕਰ ਇੰਨੀ ਜਬਰਦਸਤ ਸੀ ਕਿ ਗੱਡੀ ਦਾ ਅਗਲਾ ਹਿੱਸਾ ਬੁਰੀ ਤਰਾਂ ਨੁਕਸਾਨਿਆ ਗਿਆ। ਰੌਬਿਨ ਗੁਪਤਾ ਦੀ 26ਸਾਲਾ ਪਤਨੀ ਮਹਿਕ ਗੁਪਤਾ ਤੇ ਤਿੰਨ ਸਾਲ ਦਾ ਪੁੱਤਰ ਵਿਹਾਨ ਗੰਭੀਰ ਰੂਪ ਵਿਚ ਜਖਮੀ ਹੋ ਗਏ ਤੇ ਮੌਕੇ ਤੇ ਹੀ ਉਨਾਂ ਦੀ ਮੌਤ ਹੋ ਗਈ। ਰੌਬਿਨ ਗੁਪਤਾ ਇਸ ਦੁਰਘਟਨਾ ਵਿਚ ਗੰਭੀਰ ਰੂਪ ਵਿਚ ਜਖਮੀ ਹੋ ਗਿਆ ਤੇ ਉਸ ਨੂੰ ਤੁਰੰਤ ਇਲਾਜ ਲਈ ਹਸਪਤਾਲ ਲਿਜਾਇਆ ਗਿਆ। ਇਕ ਹੀ ਪਰਿਵਾਰ ਦੇ ਦੋ ਜੀਆਂ ਦੀ ਬੇਵਕਤੀ ਮੌਤ ਦੀ ਖਬਰ ਫੈਲਦਿਆਂ ਹੀ ਸ਼ਾਹਬਾਦ ਖੇਤਰ ਤੇ ਵਪਾਰਕ ਭਾਈਚਾਰੇ ਵਿਚ ਸੋਗ ਦੀ ਲਹਿਰ ਦੌੜ ਗਈ। ਇਸ ਦਿਲ ਦਹਿਲਾ ਦੇਣ ਵਾਲੀ ਘਟਨਾ ਤੋਂ ਸਾਰੇ ਦੁੱਖੀ ਸਨ। ਅਗਰਵਾਲ ਸਭਾ ਸ਼ਾਹਬਾਦ ਮਾਰਕੰਡਾਂ ਦੇ ਪ੍ਰਧਾਨ ਅਨਿਲ ਗੋਲਪੁਰਾ ਨੇ ਆਪਣੀ ਸਮੁੱਚੀ ਕਾਰਜਕਾਰੀ ਟੀਮ ਵਲੋਂ ਇਸ ਭਿਆਨਕ ਸੜਕ ਹਾਦਸੇ ਤੇ ਡੂੰਘਾ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਸ਼ਾਹਬਾਦ ਦੇ ਵੱਖ ਵੱਖ ਸਮਾਜਿਕ ਤੇ ਧਾਰਮਿਕ ਜਥੇ ਬੰਦੀਆਂ ਨੇ ਵੀ ਇਸ ਦਿਲ ਦਹਿਲਾ ਵਾਲੀ ਘਟਨਾ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਤੇ ਵਿਛੜੀਆਂ ਰੂਹਾਂ ਦੀ ਸ਼ਾਂਤੀ ਲਈ ਅਰਦਾਸ ਕੀਤੀ ਤੇ ਦੁੱਖੀ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ।

ਐਚ.ਡੀ.ਸੀ.ਏ. ਦੀ ਸੁਰਭੀ ਨੇ ਪੰਜਾਬ ਦੀ ਅੰਡਰ-23 ਮਹਿਲਾ ਕ੍ਰਿਕਟ ਟੀਮ ਵਿੱਚ ਬਣਾਈ ਜਗ੍ਹਾ

ਸਾਂਝੀ ਖ਼ਬਰ

ਡਾ. ਰਮਨ ਘਈ ਨੇ ਕਿਹਾ ਸੁਰਭੀ ਦੀ ਪ੍ਰਾਪਤੀ ਨਾਲ ਹੁਸ਼ਿਆਰਪੁਰ ਦੀਆਂ ਹੋਰ ਮਹਿਲਾ ਕ੍ਰਿਕਟਰਾਂ ਨੂੰ ਵੀ ਮਿਲੇਗੀ ਪ੍ਰੇਰਣਾ



(ਤਰਸੇਮ ਦੀਵਾਨਾ)
ਹੁਸ਼ਿਆਰਪੁਰ, 11 ਨਵੰਬਰ

ਹੁਸ਼ਿਆਰਪੁਰ ਦੀ ਮਹਿਲਾ ਕ੍ਰਿਕਟ ਨੂੰ ਉਸ ਸਮੇਂ ਵੱਡਾ ਹੁਲਾਰਾ ਮਿਲਿਆ ਜਦੋਂ ਐਚ.ਡੀ.ਸੀ.ਏ. ਦੀ ਹੋਣਹਾਰ ਖਿਡਾਰਨ ਸੁਰਭੀ ਨੇ ਪੰਜਾਬ ਦੀ ਅੰਡਰ-23 ਮਹਿਲਾ ਕ੍ਰਿਕਟ ਟੀਮ ਵਿੱਚ ਆਪਣੀ ਜਗ੍ਹਾ ਪੱਕੀ ਕਰ ਲਈ। ਬੀ.ਸੀ.ਸੀ.ਆਈ. ਵੱਲੋਂ ਕਰਵਾਏ ਜਾ ਰਹੇ ਰਾਸ਼ਟਰੀ ਅੰਡਰ-23 ਮਹਿਲਾ ਕ੍ਰਿਕਟ ਟੂਰਨਾਮੈਂਟ ਲਈ ਪੰਜਾਬ ਦੀ ਟੀਮ ਵਿੱਚ ਹੋਈ ਇਸ ਚੋਣ ਨਾਲ ਜ਼ਿਲ੍ਹੇ ਦੇ ਕ੍ਰਿਕਟ ਪ੍ਰੇਮੀਆਂ ਅਤੇ ਖੇਡ ਜਗਤ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ।

ਐਚ.ਡੀ.ਸੀ.ਏ. ਦੇ ਸਕੱਤਰ ਡਾ. ਰਮਨ ਘਈ ਨੇ ਸੁਰਭੀ ਦੀ ਇਸ ਪ੍ਰਾਪਤੀ 'ਤੇ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਪੰਜਾਬ ਦੀ ਅੰਡਰ-23 ਟੀਮ ਵਿੱਚ ਉਸ ਦੀ ਚੋਣ ਹੁਸ਼ਿਆਰਪੁਰ ਲਈ ਮਾਣ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਸੁਰਭੀ ਦੀ ਕਾਮਯਾਬੀ ਜ਼ਿਲ੍ਹੇ ਦੀਆਂ ਹੋਰ ਉਭਰਦੀਆਂ ਮਹਿਲਾ ਕ੍ਰਿਕਟਰਾਂ ਲਈ ਪ੍ਰੇਰਣਾਸਰੋਤ ਬਣੇਗੀ ਅਤੇ ਉਨ੍ਹਾਂ ਨੂੰ ਉੱਚ ਪੱਧਰ 'ਤੇ ਖੇਡਣ ਲਈ ਹੋਰ ਮਿਹਨਤ ਕਰਨ ਦਾ ਹੌਸਲਾ ਮਿਲੇਗਾ। ਉਨ੍ਹਾਂ ਇਹ ਵੀ ਦੱਸਿਆ ਕਿ ਸੁਰਭੀ ਇਸੇ ਸੀਜ਼ਨ ਵਿੱਚ ਪੰਜਾਬ ਦੀ ਅੰਡਰ-19 ਮਹਿਲਾ ਟੀਮ ਦੀ ਕਪਤਾਨ ਵਜੋਂ ਵੀ ਆਪਣੀ ਜ਼ਿੰਮੇਵਾਰੀ ਨਿਭਾ ਚੁੱਕੀ ਹੈ।

ਡਾ. ਘਈ ਨੇ ਕਿਹਾ ਕਿ ਐਚ.ਡੀ.ਸੀ.ਏ. ਵੱਲੋਂ ਮਹਿਲਾ ਕ੍ਰਿਕਟ ਨੂੰ ਉਤਸ਼ਾਹਿਤ ਕਰਨ ਲਈ ਕੀਤੇ ਜਾ ਰਹੇ ਯਤਨਾਂ ਦੇ ਚੰਗੇ ਨਤੀਜੇ ਸਾਹਮਣੇ ਆ ਰਹੇ ਹਨ। ਮੁੱਖ ਕੋਚ ਦਵਿੰਦਰ ਕੌਰ ਕਲਿਆਣ ਅਤੇ ਸਹਾਇਕ ਕੋਚ ਨਿਕਿਤਾ ਕੁਮਾਰੀ ਦੀ ਰਹਿਨੁਮਾਈ ਹੇਠ ਜ਼ਿਲ੍ਹੇ ਦੀਆਂ ਖਿਡਾਰਨਾਂ ਲਗਾਤਾਰ ਸਿਖਲਾਈ ਹਾਸਲ ਕਰਦਿਆਂ ਆਪਣੀ ਖੇਡ ਵਿੱਚ ਸੁਧਾਰ ਕਰ ਰਹੀਆਂ ਹਨ ਅਤੇ ਨਵੀਆਂ ਪ੍ਰਾਪਤੀਆਂ ਦਰਜ ਕਰ ਰਹੀਆਂ ਹਨ। ਉਨ੍ਹਾਂ ਉਮੀਦ ਜਤਾਈ ਕਿ ਮਿਹਨਤ ਅਤੇ ਸਹੀ ਮਾਰਗਦਰਸ਼ਨ ਦੇ ਸਦਕਾ ਆਉਣ ਵਾਲੇ ਸਮੇਂ ਵਿੱਚ ਹੁਸ਼ਿਆਰਪੁਰ ਦੀ ਕੋਈ ਮਹਿਲਾ ਕ੍ਰਿਕਟਰ ਭਾਰਤੀ ਟੀਮ ਵਿੱਚ ਵੀ ਆਪਣੀ ਜਗ੍ਹਾ ਬਣਾਉਣ ਦੇ ਸਮਰੱਥ ਹੋਵੇਗੀ।

ਸੁਰਭੀ ਦੀ ਚੋਣ 'ਤੇ ਐਚ.ਡੀ.ਸੀ.ਏ. ਦੇ ਪ੍ਰਧਾਨ ਡਾ. ਦਲਜੀਤ ਖੇਲਾਂ, ਸੰਯੁਕਤ ਸਕੱਤਰ ਡਾ. ਵਿਵੇਕ ਸਾਹਨੀ, ਠਾਕੁਰ ਯੋਗਰਾਜ, ਡਾ. ਪੰਕਜ ਸ਼ਿਵ, ਸੁਭਾਸ਼ ਸ਼ਰਮਾ, ਜਤਿੰਦਰ ਸੂਦ ਅਤੇ ਐਸੋਸੀਏਸ਼ਨ ਦੇ ਸਮੂਹ ਅਹੁਦੇਦਾਰਾਂ ਨੇ ਖੁਸ਼ੀ ਪ੍ਰਗਟ ਕਰਦਿਆਂ ਉਸ ਨੂੰ ਭਵਿੱਖ ਦੇ ਮੁਕਾਬਲਿਆਂ ਲਈ ਸ਼ੁਭਕਾਮਨਾਵਾਂ ਦਿੱਤੀਆਂ। ਇਸੇ ਤਰ੍ਹਾਂ ਕੋਚ ਦਵਿੰਦਰ ਕੌਰ ਕਲਿਆਣ, ਸਹਾਇਕ ਕੋਚ ਨਿਕਿਤਾ ਕੁਮਾਰੀ, ਜ਼ਿਲ੍ਹਾ ਮੁੱਖ ਕੋਚ ਦਲਜੀਤ ਸਿੰਘ, ਟ੍ਰੇਨਰ ਅਤੇ ਸਾਬਕਾ ਰਾਸ਼ਟਰੀ ਕੋਚ ਕੁਲਦੀਪ ਧਾਮੀ, ਜ਼ਿਲ੍ਹਾ ਸਹਾਇਕ ਕੋਚ ਅਸ਼ੋਕ ਸ਼ਰਮਾ, ਕਰਨ ਸੈਣੀ, ਪ੍ਰਵੀਣ ਕਪੂਰ ਅਤੇ ਪੰਕਜ ਪਿੰਕਾ ਨੇ ਵੀ ਸੁਰਭੀ ਦੀ ਇਸ ਪ੍ਰਾਪਤੀ ਦੀ ਸ਼ਲਾਘਾ ਕੀਤੀ।

ਡਾ. ਰਮਨ ਘਈ ਨੇ ਦੱਸਿਆ ਕਿ ਬੀ.ਸੀ.ਸੀ.ਆਈ. ਵੱਲੋਂ ਕਰਵਾਇਆ ਜਾਣ ਵਾਲਾ ਰਾਸ਼ਟਰੀ ਮਹਿਲਾ ਅੰਡਰ-23 ਟੂਰਨਾਮੈਂਟ 13 ਤੋਂ 23 ਨਵੰਬਰ ਤੱਕ ਰੋਹਤਕ (ਹਰਿਆਣਾ) ਵਿਖੇ ਖੇਡਿਆ ਜਾਵੇਗਾ।

ਸ੍ਰੀ ਅਨੰਦਪੁਰ ਸਾਹਿਬ ਨੂੰ ਮਿਲਿਆ ਸੂਬੇ ਦੇ ਪਹਿਲੇ ਸਵੱਛ ਸ਼ਹਿਰ ਦਾ ਐਵਾਰਡ

ਸਾਂਝੀ ਖ਼ਬਰ



ਸ੍ਰੀ ਅਨੰਦਪੁਰ ਸਾਹਿਬ:

ਅਨੰਦਪੁਰ ਸਾਹਿਬ ਖਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਲਈ ਇਹ ਬੇਹੱਦ ਮਾਣ ਅਤੇ ਖੁਸ਼ੀ ਵਾਲੀ ਗੱਲ ਹੈ ਕਿ ਸ਼ਹਿਰ ਨੇ ਸਵੱਛਤਾ ਦੇ ਖੇਤਰ ਵਿੱਚ ਵੱਡੀ ਪ੍ਰਾਪਤੀ ਕਰਦਿਆਂ ਪੰਜਾਬ ਦੇ ਪਹਿਲੇ ਸਵੱਛ ਸ਼ਹਿਰ ਦਾ ਐਵਾਰਡ ਹਾਸਲ ਕੀਤਾ ਹੈ। ਇਸ ਪ੍ਰਾਪਤੀ ਨਾਲ ਨਾ ਸਿਰਫ਼ ਸ਼ਹਿਰ ਵਾਸੀਆਂ ਵਿੱਚ ਖੁਸ਼ੀ ਦੀ ਲਹਿਰ ਹੈ, ਸਗੋਂ ਸਮੁੱਚੇ ਇਲਾਕੇ ਦਾ ਮਾਣ ਵੀ ਵਧਿਆ ਹੈ। ਇਸ ਵੱਕਾਰੀ ਐਵਾਰਡ ਨੂੰ ਦੇਸ਼ ਦੇ ਮਾਨਯੋਗ ਰਾਸ਼ਟਰਪਤੀ ਜੀ ਵੱਲੋਂ ਪੰਜਾਬ ਦੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਨਗਰ ਕੌਂਸਲ ਸ੍ਰੀ ਅਨੰਦਪੁਰ ਸਾਹਿਬ ਦੇ ਪ੍ਰਧਾਨ ਹਰਜੀਤ ਸਿੰਘ ਜੀਤਾ ਨੇ ਪ੍ਰਾਪਤ ਕੀਤਾ। ਇਹ ਪ੍ਰਾਪਤੀ ਸ਼ਹਿਰ ਨੂੰ ਸਾਫ਼-ਸੁਥਰਾ ਅਤੇ ਸੁੰਦਰ ਬਣਾਉਣ ਲਈ ਕੀਤੇ ਜਾ ਰਹੇ ਯਤਨਾਂ ਦਾ ਨਤੀਜਾ ਹੈ। ਸਵੱਛਤਾ ਦੇ ਖੇਤਰ ਵਿੱਚ ਮਿਲਿਆ ਇਹ ਸਨਮਾਨ ਸ਼ਹਿਰ ਦੇ ਵਿਕਾਸ ਅਤੇ ਸਾਫ਼-ਸਫ਼ਾਈ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਇਸ ਐਵਾਰਡ ਨਾਲ ਸ੍ਰੀ ਅਨੰਦਪੁਰ ਸਾਹਿਬ ਦਾ ਨਾਮ ਸੂਬੇ ਭਰ ਵਿੱਚ ਰੌਸ਼ਨ ਹੋਇਆ ਹੈ। ਸ਼ਹਿਰ ਵਾਸੀਆਂ ਨੇ ਇਸ ਪ੍ਰਾਪਤੀ ਨੂੰ ਇਤਿਹਾਸਕ ਅਤੇ ਮਾਣਮੱਤੀ ਪ੍ਰਾਪਤੀ ਕਰਾਰ ਦਿੱਤਾ ਹੈ।

ਪੰਜਾਬ ਦੀ ਮਾਂ-ਬੋਲੀ, ਸੱਭਿਆਚਾਰਕ ਪਛਾਣ ਅਤੇ ਸਥਾਨਕ ਲੋਕਾਂ ਦੇ ਹੱਕਾਂ ਦੀ ਰਾਖੀ ਲਈ ਸਰਕਾਰ ਠੋਸ ਨੀਤੀ ਬਣਾਏ : ਬੇਗਮਪੁਰਾ ਟਾਈਗਰ ਫੋਰਸ

ਸਾਂਝੀ ਖ਼ਬਰ

ਪ੍ਰਵਾਸੀ ਆਬਾਦੀ ਦੇ ਵਧਦੇ ਦਬਾਅ, ਰੁਜ਼ਗਾਰ ਦੀ ਘਾਟ ਅਤੇ ਅਪਰਾਧਿਕ ਮਾਮਲਿਆਂ ਦੀ ਨਿਰਪੱਖ ਜਾਂਚ ਕਰਵਾਏ ਸਰਕਾਰ : ਬੀਰਪਾਲ, ਹੈਪੀ, ਬੰਟੀ



(ਤਰਸੇਮ ਦੀਵਾਨਾ)
ਹੁਸ਼ਿਆਰਪੁਰ, 11 ਨਵੰਬਰ

ਪੰਜਾਬ ਦੀ ਬਦਲ ਰਹੀ ਸਮਾਜਿਕ ਅਤੇ ਆਰਥਿਕ ਸਥਿਤੀ, ਵਧ ਰਹੀ ਪ੍ਰਵਾਸੀ ਆਬਾਦੀ, ਪੰਜਾਬੀ ਮਾਂ-ਬੋਲੀ ਦੀ ਘਟ ਰਹੀ ਵਰਤੋਂ ਅਤੇ ਅਪਰਾਧਿਕ ਘਟਨਾਵਾਂ ਨੂੰ ਲੈ ਕੇ ਬੇਗਮਪੁਰਾ ਟਾਈਗਰ ਫੋਰਸ ਨੇ ਗੰਭੀਰ ਚਿੰਤਾ ਪ੍ਰਗਟਾਈ ਹੈ। ਫੋਰਸ ਦੇ ਕੌਮੀ ਚੇਅਰਮੈਨ ਤਰਸੇਮ ਦੀਵਾਨਾ ਅਤੇ ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਪ੍ਰਧਾਨ ਬੀਰਪਾਲ ਠਰੋਲੀ, ਜ਼ਿਲ੍ਹਾ ਪ੍ਰਧਾਨ ਹੈਪੀ ਫਤਿਹਗੜ੍ਹ ਅਤੇ ਬਲਾਕ ਪ੍ਰਧਾਨ ਬੰਟੀ ਹਰਿਆਣਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਦੇ ਮੌਜੂਦਾ ਹਾਲਾਤਾਂ ਨੂੰ ਆਮ ਸਮਾਜਿਕ ਤਬਦੀਲੀ ਸਮਝ ਕੇ ਨਜ਼ਰਅੰਦਾਜ਼ ਕਰਨਾ ਸੂਬੇ ਦੇ ਭਵਿੱਖ ਲਈ ਠੀਕ ਨਹੀਂ ਹੋਵੇਗਾ।

ਆਗੂਆਂ ਨੇ ਕਿਹਾ ਕਿ ਪੰਜਾਬ ਗੁਰੂਆਂ, ਪੀਰਾਂ, ਦੇਵੀ-ਦੇਵਤਿਆਂ ਅਤੇ ਮਹਾਨ ਰਹਿਬਰਾਂ ਦੀ ਧਰਤੀ ਹੈ, ਜਿਸ ਦੀ ਆਪਣੀ ਵਿਲੱਖਣ ਭਾਸ਼ਾ, ਸੱਭਿਆਚਾਰ ਅਤੇ ਇਤਿਹਾਸਕ ਪਛਾਣ ਹੈ। ਇਸ ਪਛਾਣ ਨੂੰ ਕਾਇਮ ਰੱਖਣਾ ਹਰ ਪੰਜਾਬ ਵਾਸੀ ਦੀ ਸਾਂਝੀ ਜ਼ਿੰਮੇਵਾਰੀ ਹੈ। ਉਨ੍ਹਾਂ ਪੰਜਾਬ ਦੇ ਕਈ ਇਲਾਕਿਆਂ ਵਿੱਚ ਪੰਜਾਬੀ ਦੀ ਥਾਂ ਹਿੰਦੀ ਦੀ ਵਧਦੀ ਵਰਤੋਂ ਨੂੰ ਚਿੰਤਾਜਨਕ ਦੱਸਦਿਆਂ ਸਰਕਾਰ ਤੋਂ ਮੰਗ ਕੀਤੀ ਕਿ ਸਰਕਾਰੀ ਦਫ਼ਤਰਾਂ, ਵਿੱਦਿਅਕ ਸੰਸਥਾਵਾਂ, ਵਪਾਰਕ ਅਦਾਰਿਆਂ ਅਤੇ ਜਨਤਕ ਸਥਾਨਾਂ ਉੱਤੇ ਪੰਜਾਬੀ ਨੂੰ ਬਣਦਾ ਮਾਣ-ਸਤਿਕਾਰ ਦਿਵਾਉਣ ਲਈ ਠੋਸ ਕਦਮ ਚੁੱਕੇ ਜਾਣ।

ਉਨ੍ਹਾਂ ਕਿਹਾ ਕਿ ਦੂਜੇ ਸੂਬਿਆਂ ਤੋਂ ਪੰਜਾਬ ਆਉਣ ਵਾਲੇ ਲੋਕਾਂ ਸਬੰਧੀ ਫੈਸਲੇ ਜਾਤ, ਧਰਮ ਜਾਂ ਭਾਸ਼ਾ ਦੇ ਆਧਾਰ 'ਤੇ ਨਹੀਂ, ਸਗੋਂ ਕਾਨੂੰਨ, ਸੰਵਿਧਾਨ ਅਤੇ ਮਨੁੱਖੀ ਅਧਿਕਾਰਾਂ ਦੇ ਦਾਇਰੇ ਵਿੱਚ ਰਹਿ ਕੇ ਹੋਣੇ ਚਾਹੀਦੇ ਹਨ। ਇਸ ਦੇ ਨਾਲ ਹੀ ਵਧਦੀ ਆਬਾਦੀ ਕਾਰਨ ਰੁਜ਼ਗਾਰ, ਰਿਹਾਇਸ਼, ਸਿਹਤ, ਸਿੱਖਿਆ ਅਤੇ ਸਰਕਾਰੀ ਸਰੋਤਾਂ ਉੱਤੇ ਪੈ ਰਹੇ ਦਬਾਅ ਦਾ ਤੱਥਾਂ ਦੇ ਆਧਾਰ 'ਤੇ ਮੁਲਾਂਕਣ ਕੀਤਾ ਜਾਣਾ ਚਾਹੀਦਾ ਹੈ। ਪੰਜਾਬ ਵਿੱਚ ਰਹਿਣ ਵਾਲੇ ਹਰ ਵਿਅਕਤੀ ਵੱਲੋਂ ਕਾਨੂੰਨ ਅਤੇ ਪ੍ਰਸ਼ਾਸਨਿਕ ਨਿਯਮਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ।

ਆਗੂਆਂ ਨੇ ਸੂਬੇ ਵਿੱਚ ਵਾਪਰ ਰਹੀਆਂ ਅਪਰਾਧਿਕ ਘਟਨਾਵਾਂ ਦੀ ਨਿਰਪੱਖ ਜਾਂਚ ਦੀ ਮੰਗ ਕਰਦਿਆਂ ਕਿਹਾ ਕਿ ਦੋਸ਼ ਸਾਬਤ ਹੋਣ 'ਤੇ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇ ਅਤੇ ਕਾਨੂੰਨ ਵਿਵਸਥਾ ਦੇ ਮਾਮਲੇ ਵਿੱਚ ਕਿਸੇ ਨਾਲ ਪੱਖਪਾਤ ਨਾ ਹੋਵੇ। ਲੋਕਾਂ ਦੀ ਜਾਨ-ਮਾਲ ਦੀ ਸੁਰੱਖਿਆ ਕਰਨਾ ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਦੀ ਮੁੱਢਲੀ ਜ਼ਿੰਮੇਵਾਰੀ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਦਾ ਪੜ੍ਹਿਆ-ਲਿਖਿਆ ਅਤੇ ਹੁਨਰਮੰਦ ਨੌਜਵਾਨ ਰੁਜ਼ਗਾਰ ਦੇ ਢੁੱਕਵੇਂ ਮੌਕੇ ਨਾ ਮਿਲਣ ਕਾਰਨ ਵਿਦੇਸ਼ਾਂ ਵੱਲ ਜਾਣ ਲਈ ਮਜਬੂਰ ਹੈ। ਇਹ ਸਿਰਫ਼ ਬੇਰੁਜ਼ਗਾਰੀ ਨਹੀਂ, ਸਗੋਂ ਸੂਬੇ ਦੀ ਆਰਥਿਕਤਾ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੇ ਭਵਿੱਖ ਨਾਲ ਜੁੜਿਆ ਗੰਭੀਰ ਮਸਲਾ ਹੈ। ਸਰਕਾਰ ਨੂੰ ਪੰਜਾਬ ਵਿੱਚ ਹੀ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨੇ ਚਾਹੀਦੇ ਹਨ, ਤਾਂ ਜੋ ਨੌਜਵਾਨ ਆਪਣੀ ਧਰਤੀ ਦੀ ਤਰੱਕੀ ਵਿੱਚ ਯੋਗਦਾਨ ਪਾ ਸਕਣ।

ਅੰਤ ਵਿੱਚ ਬੇਗਮਪੁਰਾ ਟਾਈਗਰ ਫੋਰਸ ਦੇ ਆਗੂਆਂ ਨੇ ਮੰਗ ਕੀਤੀ ਕਿ ਪ

ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਵਿਖੇ ਚਾਰ ਰੋਜ਼ਾ ਇੰਟਰ ਜ਼ੋਨਲ ਯੁਵਕ ਤੇ ਵਿਰਾਸਤੀ ਮੇਲੇ ਦਾ ਸ਼ਾਨਦਾਰ ਆਗਾਜ਼

ਸਾਂਝੀ ਖ਼ਬਰ

ਕੁਲਵੰਤ ਸਿੰਘ ਆਈ.ਏ.ਐੱਸ. ਨੇ ਕੀਤਾ ਉਦਘਾਟਨ, ਵਿਜੇ ਸਾਂਪਲਾ ਨੇ ਵਿਰਾਸਤ ਨਾਲ ਜੁੜੇ ਰਹਿਣ ਲਈ ਵਿਦਿਆਰਥੀਆਂ ਨੂੰ ਕੀਤਾ ਪ੍ਰੇਰਿਤ



(ਤਰਸੇਮ ਦੀਵਾਨਾ)

ਹੁਸ਼ਿਆਰਪੁਰ/ਮਾਹਿਲਪੁਰ, 11 ਨਵੰਬਰ : ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨਾਲ ਸਬੰਧਤ ਕਾਲਜਾਂ ਦੇ ਜ਼ੋਨਲ ਯੁਵਕ ਮੇਲਿਆਂ ਵਿੱਚ ਜੇਤੂ ਰਹੇ ਵਿਦਿਆਰਥੀਆਂ ਦੀ ਕਲਾ ਅਤੇ ਪ੍ਰਤਿਭਾ ਨੂੰ ਮੰਚ ਪ੍ਰਦਾਨ ਕਰਨ ਲਈ ਸਿੱਖ ਐਜੂਕੇਸ਼ਨਲ ਕੌਂਸਲ ਦੇ ਪ੍ਰਬੰਧਾਂ ਹੇਠ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਵਿਖੇ ਚਾਰ ਰੋਜ਼ਾ ਇੰਟਰ ਜ਼ੋਨਲ ਯੁਵਕ ਤੇ ਵਿਰਾਸਤੀ ਮੇਲਾ ਉਤਸ਼ਾਹ ਨਾਲ ਸ਼ੁਰੂ ਹੋ ਗਿਆ। ਉਦਘਾਟਨੀ ਸਮਾਰੋਹ ਵਿੱਚ ਡਾਇਰੈਕਟਰ ਡੀ.ਪੀ.ਆਈ. (ਕਾਲਜਾਂ) ਕੁਲਵੰਤ ਸਿੰਘ ਆਈ.ਏ.ਐੱਸ. ਨੇ ਮੁੱਖ ਮਹਿਮਾਨ ਵਜੋਂ ਮੇਲੇ ਦਾ ਉਦਘਾਟਨ ਕੀਤਾ, ਜਦਕਿ ਕਾਲਜ ਵਿਕਾਸ ਕੌਂਸਲ ਦੇ ਡੀਨ ਡਾ. ਰਵੀਇੰਦਰ ਸਿੰਘ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਸਾਬਕਾ ਕੇਂਦਰੀ ਮੰਤਰੀ ਵਿਜੇ ਸਾਂਪਲਾ ਨੇ ਵੀ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।

ਇਸ ਮੌਕੇ ਸਿੱਖ ਐਜੂਕੇਸ਼ਨਲ ਕੌਂਸਲ ਦੇ ਪ੍ਰਧਾਨ ਸੰਤ ਸਾਧੂ ਸਿੰਘ ਕਹਾਰਪੁਰ, ਮੈਨੇਜਰ ਇੰਦਰਜੀਤ ਸਿੰਘ ਭਾਰਟਾ, ਜਨਰਲ ਸਕੱਤਰ ਪ੍ਰੋ. ਅਪਿੰਦਰ ਸਿੰਘ ਅਤੇ ਖਜ਼ਾਨਚੀ ਵੀਰਇੰਦਰ ਸ਼ਰਮਾ ਸਮੇਤ ਹੋਰ ਅਹੁਦੇਦਾਰ ਮੌਜੂਦ ਸਨ। ਸਮਾਗਮ ਦੀ ਸ਼ੁਰੂਆਤ ਕਾਲਜ ਦੇ ਸੰਗੀਤ ਵਿਭਾਗ ਦੇ ਵਿਦਿਆਰਥੀਆਂ ਵੱਲੋਂ ਸ਼ਬਦ 'ਦੇਹਿ ਸ਼ਿਵਾ ਬਰ ਮੋਹਿ ਇਹੈ' ਦੇ ਰਸਭਿੰਨੇ ਗਾਇਨ ਨਾਲ ਕੀਤੀ ਗਈ।

ਕਾਲਜ ਦੇ ਪ੍ਰਿੰਸੀਪਲ ਡਾ. ਪਰਵਿੰਦਰ ਸਿੰਘ ਨੇ ਮਹਿਮਾਨਾਂ ਅਤੇ ਵੱਖ-ਵੱਖ ਕਾਲਜਾਂ ਤੋਂ ਆਏ ਵਿਦਿਆਰਥੀਆਂ ਦਾ ਸਵਾਗਤ ਕਰਦਿਆਂ ਕਿਹਾ ਕਿ ਯੁਵਕ ਮੇਲੇ ਵਿਦਿਆਰਥੀਆਂ ਦੀ ਪ੍ਰਤਿਭਾ ਨੂੰ ਨਿਖਾਰਨ ਅਤੇ ਉਨ੍ਹਾਂ ਨੂੰ ਆਪਣੀ ਕਲਾ ਦਿਖਾਉਣ ਦਾ ਵੱਡਾ ਮੰਚ ਹਨ। ਉਨ੍ਹਾਂ ਮੇਲੇ ਦੇ ਆਯੋਜਨ ਵਿੱਚ ਸਹਿਯੋਗ ਲਈ ਕਾਲਜ ਪ੍ਰਬੰਧਕੀ ਕਮੇਟੀ ਅਤੇ ਪੰਜਾਬ ਯੂਨੀਵਰਸਿਟੀ ਪ੍ਰਸ਼ਾਸਨ ਦਾ ਧੰਨਵਾਦ ਕੀਤਾ।

ਮੁੱਖ ਮਹਿਮਾਨ ਕੁਲਵੰਤ ਸਿੰਘ ਧੂਰੀ ਨੇ ਵਿਦਿਆਰਥੀਆਂ ਨੂੰ ਸੱਭਿਆਚਾਰਕ ਅਤੇ ਸਿਰਜਣਾਤਮਕ ਗਤੀਵਿਧੀਆਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ ਅਤੇ ਕਾਲਜ ਵੱਲੋਂ ਕੀਤੇ ਪ੍ਰਬੰਧਾਂ ਦੀ ਸ਼ਲਾਘਾ ਕੀਤੀ। ਡਾ. ਰਵੀਇੰਦਰ ਸਿੰਘ ਨੇ ਪੰਜਾਬ ਯੂਨੀਵਰਸਿਟੀ ਵੱਲੋਂ ਕਾਲਜ ਨੂੰ ਹਰ ਸੰਭਵ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਵਿਜੇ ਸਾਂਪਲਾ ਨੇ ਕਿਹਾ ਕਿ ਯੁਵਕ ਮੇਲੇ ਨੌਜਵਾਨਾਂ ਨੂੰ ਆਪਣੀ ਅਮੀਰ ਵਿਰਾਸਤ, ਸੱਭਿਆਚਾਰ ਅਤੇ ਰਵਾਇਤਾਂ ਨਾਲ ਜੋੜਨ ਦਾ ਅਹਿਮ ਸਾਧਨ ਹਨ। ਉਨ੍ਹਾਂ ਪ੍ਰਬੰਧਕੀ ਕਮੇਟੀ, ਪ੍ਰਿੰਸੀਪਲ ਅਤੇ ਸਟਾਫ ਨੂੰ ਇਸ ਆਯੋਜਨ ਲਈ ਵਧਾਈ ਦਿੱਤੀ।

ਮੁਕਾਬਲਿਆਂ ਵਿੱਚ ਭੰਗੜੇ ਦੇ ਮੁਕਾਬਲੇ ਦੌਰਾਨ ਜੀ.ਜੀ.ਐੱਨ. ਖਾਲਸਾ ਕਾਲਜ ਲੁਧਿਆਣਾ ਨੇ ਪਹਿਲਾ, ਖਾਲਸਾ ਕਾਲਜ ਚੰਡੀਗੜ੍ਹ ਅਤੇ ਸਰਕਾਰੀ ਕਾਲਜ ਲੁਧਿਆਣਾ ਨੇ ਸਾਂਝੇ ਤੌਰ 'ਤੇ ਦੂਜਾ, ਜਦਕਿ ਜੀ.ਜੀ.ਡੀ.ਐੱਸ.ਡੀ. ਕਾਲਜ ਚੰਡੀਗੜ੍ਹ ਨੇ ਤੀਜਾ ਸਥਾਨ ਹਾਸਲ ਕੀਤਾ। ਗਿੱਧੇ ਦੇ ਮੁਕਾਬਲੇ ਵਿੱਚ ਡੀ.ਏ.ਵੀ. ਕਾਲਜ ਚੰਡੀਗੜ੍ਹ ਪਹਿਲੇ, ਜੀ.ਜੀ.ਡੀ.ਐੱਸ.ਡੀ. ਕਾਲਜ ਚੰਡੀਗੜ੍ਹ ਦੂਜੇ ਅਤੇ ਦੇਵ ਸਮਾਜ ਕਾਲਜ ਫਿਰੋਜ਼ਪੁਰ, ਖਾਲਸਾ ਕਾਲਜ ਮਾਹਿਲਪੁਰ ਤੇ ਗਰਲਜ਼ ਕਾਲਜ ਬਾਦਲ ਸਾਂਝੇ ਤੌਰ 'ਤੇ ਤੀਜੇ ਸਥਾਨ 'ਤੇ ਰਹੇ। ਜੇਤੂ ਵਿਦਿਆਰਥੀਆਂ ਦੀਆਂ ਪੇਸ਼ਕਾਰੀਆਂ ਨੂੰ ਦਰਸ਼ਕਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ।

ਇਸ ਮੌਕੇ ਯੂਥ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਜਤਿੰਦਰ ਸਿੰਘ ਲਾਲੀ ਬਾਜਵਾ, ਸੈਨੇਟ ਮੈਂਬਰ ਡਾ. ਜਗਤਾਰ ਸਿੰਘ, ਸੁਰਿੰਦਰ ਕੁਮਾਰ ਸ਼ਰਮਾ, ਕਪਿਲ ਕੁਮਾਰ ਸ਼ਰਮਾ, ਜਸਵੰਤ ਸਿੰਘ, ਲੋਕ ਗਾਇਕ ਜੱਗੀ ਅਮਰਗੜ੍ਹ, ਡਾ. ਜਸਵੰਤ ਸਿੰਘ ਥਿੰਦ, ਪ੍ਰਿੰਸੀਪਲ ਡਾ. ਰੋਹਤਾਂਸ਼, ਪ੍ਰਿੰਸੀਪਲ ਐੱਸ.ਐੱਸ. ਸੰਘਾ, ਜੀ.ਐੱਸ. ਕਾਲਕਟ, ਡਾ. ਵਿਕਰਾਂਤ ਸਿੰਘ ਰਾਣਾ, ਡਾ. ਆਰਤੀ ਸ਼ਰਮਾ, ਡਾ. ਰਾਕੇਸ਼ ਕੁਮਾਰ, ਡਾ. ਕੋਮਲ, ਪ੍ਰੋ. ਸੁਖਵਿੰਦਰ ਸਿੰਘ, ਰੁਪਿੰਦਰਜੋਤ ਬੱਬੂ, ਜਗਜੀਤ ਸਿੰਘ ਗਣੇਸ਼ਪੁਰ ਅਤੇ ਗੁਰਵਿੰਦਰ ਕੈਂਡੋਵਾਲ ਸਮੇਤ ਵੱਖ-ਵੱਖ ਕਾਲਜਾਂ ਦੇ ਅਧਿਆਪਕ ਤੇ ਵਿਦਿਆਰਥੀ ਹਾਜ਼ਰ ਸਨ।

ਯੂਥ ਅਕਾਲੀ ਦਲ ਹੁਸ਼ਿਆਰਪੁਰ ਦਿਹਾਤੀ ਦੀ 21 ਮੈਂਬਰੀ ਜ਼ਿਲ੍ਹਾ ਜਥੇਬੰਦੀ ਦਾ ਐਲਾਨ

ਸਾਂਝੀ ਖ਼ਬਰ

ਨੌਜਵਾਨਾਂ ਨੂੰ ਪਾਰਟੀ ਨਾਲ ਜੋੜਨਾ ਅਤੇ ਜਥੇਬੰਦੀ ਨੂੰ ਪਿੰਡ ਪੱਧਰ ਤੱਕ ਮਜ਼ਬੂਤ ਕਰਨਾ ਮੁੱਖ ਟੀਚਾ : ਅਮਰਿੰਦਰ ਸਿੰਘ ਹੁਸੈਨਪੁਰ



(ਤਰਸੇਮ ਦੀਵਾਨਾ)

ਹੁਸ਼ਿਆਰਪੁਰ, 11 ਨਵੰਬਰ

ਸ਼੍ਰੋਮਣੀ ਅਕਾਲੀ ਦਲ ਨੂੰ ਜ਼ਮੀਨੀ ਪੱਧਰ 'ਤੇ ਹੋਰ ਮਜ਼ਬੂਤ ਕਰਨ ਅਤੇ ਨੌਜਵਾਨ ਵਰਗ ਦੀ ਪਾਰਟੀ ਵਿੱਚ ਸਰਗਰਮ ਭਾਗੀਦਾਰੀ ਯਕੀਨੀ ਬਣਾਉਣ ਲਈ ਯੂਥ ਅਕਾਲੀ ਦਲ ਜ਼ਿਲ੍ਹਾ ਹੁਸ਼ਿਆਰਪੁਰ ਦਿਹਾਤੀ ਵੱਲੋਂ ਜਥੇਬੰਦਕ ਸਰਗਰਮੀਆਂ ਤੇਜ਼ ਕਰ ਦਿੱਤੀਆਂ ਗਈਆਂ ਹਨ। ਇਸੇ ਲੜੀ ਤਹਿਤ ਯੂਥ ਅਕਾਲੀ ਦਲ ਹੁਸ਼ਿਆਰਪੁਰ ਦਿਹਾਤੀ ਦੇ ਜ਼ਿਲ੍ਹਾ ਪ੍ਰਧਾਨ ਅਮਰਿੰਦਰ ਸਿੰਘ ਹੁਸੈਨਪੁਰ ਨੇ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਨਾਲ ਵਿਚਾਰ-ਵਟਾਂਦਰਾ ਕਰਨ ਉਪਰੰਤ 21 ਮੈਂਬਰੀ ਜ਼ਿਲ੍ਹਾ ਜਥੇਬੰਦੀ ਦਾ ਐਲਾਨ ਕਰਦਿਆਂ ਵੱਖ-ਵੱਖ ਆਗੂਆਂ ਨੂੰ ਅਹਿਮ ਜ਼ਿੰਮੇਵਾਰੀਆਂ ਸੌਂਪੀਆਂ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਅਮਰਿੰਦਰ ਸਿੰਘ ਹੁਸੈਨਪੁਰ ਨੇ ਦੱਸਿਆ ਕਿ ਨਵੀਂ ਜਥੇਬੰਦੀ ਦਾ ਗਠਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਹੁਸ਼ਿਆਰਪੁਰ ਸ਼ਹਿਰੀ ਦੇ ਜ਼ਿਲ੍ਹਾ ਪ੍ਰਧਾਨ ਸੰਜੀਵ ਤਲਵਾੜ, ਵੱਖ-ਵੱਖ ਵਿਧਾਨ ਸਭਾ ਹਲਕਿਆਂ ਦੇ ਇੰਚਾਰਜਾਂ ਅਤੇ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਨਾਲ ਸਲਾਹ-ਮਸ਼ਵਰਾ ਕਰਨ ਤੋਂ ਬਾਅਦ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਦਿਸ਼ਾ-ਨਿਰਦੇਸ਼ਾਂ ਅਤੇ ਯੂਥ ਅਕਾਲੀ ਦਲ ਦੇ ਕੌਮੀ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਦੀ ਅਗਵਾਈ ਹੇਠ ਨੌਜਵਾਨਾਂ ਨੂੰ ਜਥੇਬੰਦੀ ਨਾਲ ਜੋੜਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਨੌਜਵਾਨ ਕਿਸੇ ਵੀ ਸਿਆਸੀ ਪਾਰਟੀ ਦੀ ਅਸਲ ਤਾਕਤ ਅਤੇ ਰੀੜ੍ਹ ਦੀ ਹੱਡੀ ਹੁੰਦੇ ਹਨ। ਉਹਨਾ ਕਿਹਾ ਕਿ ਯੂਥ ਅਕਾਲੀ ਦਲ ਦਾ ਮਕਸਦ ਸਿਰਫ਼ ਅਹੁਦੇ ਵੰਡਣਾ ਨਹੀਂ, ਸਗੋਂ ਨੌਜਵਾਨਾਂ ਨੂੰ ਜਥੇਬੰਦ ਕਰਕੇ ਉਨ੍ਹਾਂ ਦੀ ਊਰਜਾ ਨੂੰ ਲੋਕ ਹਿੱਤਾਂ, ਸਮਾਜਿਕ ਸਰਗਰਮੀਆਂ ਅਤੇ ਪੰਜਾਬ ਦੇ ਭਵਿੱਖ ਨਾਲ ਜੁੜੇ ਮੁੱਦਿਆਂ ਲਈ ਵਰਤਣਾ ਹੈ। ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਨਵੀਂ ਟੀਮ ਪਾਰਟੀ ਦੀਆਂ ਨੀਤੀਆਂ ਅਤੇ ਵਿਚਾਰਧਾਰਾ ਨੂੰ ਘਰ-ਘਰ ਪਹੁੰਚਾਉਣ ਦੇ ਨਾਲ-ਨਾਲ ਨੌਜਵਾਨਾਂ ਦੀਆਂ ਸਮੱਸਿਆਵਾਂ ਨੂੰ ਵੀ ਪੂਰੀ ਦ੍ਰਿੜ੍ਹਤਾ ਨਾਲ ਉਠਾਏਗੀ। ਅਮਰਿੰਦਰ ਸਿੰਘ ਹੁਸੈਨਪੁਰ ਵੱਲੋਂ ਐਲਾਨੀ ਗਈ ਨਵੀਂ 21 ਮੈਂਬਰੀ ਜ਼ਿਲ੍ਹਾ ਜਥੇਬੰਦੀ ਵਿੱਚ ਵਿਸਾਖਾ ਸਿੰਘ ਗੀਗਨੋਵਾਲ ਅਤੇ ਕਰਨਜੋਤ ਸਿੰਘ ਧਾਮੀ ਨੂੰ ਸੀਨੀਅਰ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਯੁਵਰਾਜ ਧੁੱਗਾ ਨੂੰ ਜਨਰਲ ਸਕੱਤਰ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਗੁਰਵੀਰ ਸਿੰਘ ਮੰਤਰੀ ਰੂਪੋਵਾਲ ਨੂੰ ਮੀਤ ਪ੍ਰਧਾਨ, ਟਿੰਮੀ ਹਰਦੋਪੱਟੀ ਨੂੰ ਸੀਨੀਅਰ ਮੀਤ ਪ੍ਰਧਾਨ ਅਤੇ ਕਾਕਾ ਥਿਆੜਾ ਢਕੋਵਾਲ ਨੂੰ ਜਨਰਲ ਸਕੱਤਰ ਬਣਾਇਆ ਗਿਆ ਹੈ।

ਇਸੇ ਤਰ੍ਹਾਂ ਮਨਜਿੰਦਰ ਸਿੰਘ ਬਾਹਗਾ ਅਤੇ ਅਰਸ਼ ਬੱਧਣ ਧੁੱਗਾ ਕਲਾਂ ਨੂੰ ਸੀਨੀਅਰ ਮੀਤ ਪ੍ਰਧਾਨ, ਗੋਲਡੀ ਪੰਨਮਾ ਨੂੰ ਜਨਰਲ ਸਕੱਤਰ ਅਤੇ ਗੁਰਦੀਪ ਸਿੰਘ ਭੂਲਪੁਰ ਨੂੰ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਅਮਨ ਗਿੱਲ ਗੜ੍ਹਸ਼ੰਕਰ ਨੂੰ ਜਨਰਲ ਸਕੱਤਰ, ਭਵਨਦੀਪ ਸਿੰਘ ਖਾਲਸਾ ਸਰਾਈ ਨੂੰ ਸੀਨੀਅਰ ਮੀਤ ਪ੍ਰਧਾਨ ਅਤੇ ਅਮਰਜੀਤ ਸਿੰਘ ਸਕਰਾਲਾ ਨੂੰ ਜਨਰਲ ਸਕੱਤਰ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ।

ਇਸ ਤੋਂ ਇਲਾਵਾ ਜਗਦੀਪ ਸਿੰਘ ਜੱਗਾ ਪੰਡੋਰੀ ਮੱਲੀਆਂ ਅਤੇ ਅੰਮ੍ਰਿਤ ਚੱਕ ਗੁਜਰਾਂ ਨੂੰ ਮੀਤ ਪ੍ਰਧਾਨ, ਜਸਦੀਪ ਸਿੰਘ ਰਾਮਦਾਸਪੁਰ ਨੂੰ ਸੀਨੀਅਰ ਮੀਤ ਪ੍ਰਧਾਨ ਅਤੇ ਹਰਮਨ ਬਾਹਦ ਨੂੰ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਜੋਤ ਸਿੰਘ ਚੱਬੇਵਾਲ ਨੂੰ ਸੀਨੀਅਰ ਮੀਤ ਪ੍ਰਧਾਨ, ਜ਼ੋਰਾਵਰ ਸਿੰਘ ਸ਼ੇਖੂਪੁਰ ਕਲਾਂ ਨੂੰ ਮੀਤ ਪ੍ਰਧਾਨ ਅਤੇ ਅਮਨ ਚਗਰ ਨੂੰ ਜਨਰਲ ਸਕੱਤਰ ਬਣਾਇਆ ਗਿਆ ਹੈ। ਇਸੇ ਤਰ੍ਹਾਂ ਦੀਪਾ ਪੰਡੋਰੀ ਮੈਲ ਨੂੰ ਬੁੱਲੋਵਾਲ ਸਰਕਲ ਦਾ ਪ੍ਰਧਾਨ ਨਿਯੁਕਤ ਕਰਕੇ ਜਥੇਬੰਦਕ ਜ਼ਿੰਮੇਵਾਰੀ ਸੌਂਪੀ ਗਈ ਹੈ।

ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਹੁਸ਼ਿਆਰਪੁਰ ਸ਼ਹਿਰੀ ਦੇ ਜ਼ਿਲ੍ਹਾ ਪ੍ਰਧਾਨ ਸੰਜੀਵ ਤਲਵਾੜ, ਸਤਵਿੰਦਰਪਾਲ ਸਿੰਘ ਢੱਟ, ਐਡਵੋਕੇਟ ਜਮਸ਼ੇਰ ਭਾਰਦਵਾਜ ਪ੍ਰਧਾਨ ਬਾਰ ਕੌਂਸਲ, ਸੰਮਤੀ ਮੈਂਬਰ ਅਮਨਦੀਪ ਸਿੰਘ ਹੁਸੈਨਪੁਰ, ਯੂਥ ਅਕਾਲੀ ਦਲ ਪੰਜਾਬ ਦੇ ਬੁਲਾਰੇ ਕਰਨ ਧੁੱਗਾ, ਜਨਰਲ ਸਕੱਤਰ ਮਨਪ੍ਰੀਤ ਸਿੰਘ, ਹੁਸ਼ਿਆਰਪੁਰ ਹਲਕੇ ਦੇ ਯੂਥ ਪ੍ਰਧਾਨ ਲੱਕੀ ਧੁੱਗਾ, ਜਸ਼ਨ ਗੁਰਈਆਂ ਅਤੇ ਅੰਮ੍ਰਿਤ ਸੈਨਪੁਰ ਸਮੇਤ ਹੋਰ ਪਾਰਟੀ ਆਗੂ ਅਤੇ ਵਰਕਰ ਮੌਜੂਦ ਸਨ।

ਅੰਤ ਵਿੱਚ ਅਮਰਿੰਦਰ ਸਿੰਘ ਹੁਸੈਨਪੁਰ ਨੇ ਨਵ-ਨਿਯੁਕਤ ਅਹੁਦੇਦਾਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਸਾਰੇ ਆਗੂ ਆਪਣੀਆਂ ਜ਼ਿੰਮੇਵਾਰੀਆਂ ਨੂੰ ਪੂਰੀ ਲਗਨ, ਇਮਾਨਦਾਰੀ ਅਤੇ ਮਿਹਨਤ ਨਾਲ ਨਿਭਾਉਣ। ਉਨ੍ਹਾਂ ਉਮੀਦ ਪ੍ਰਗਟਾਈ ਕਿ ਨਵੀਂ ਜਥੇਬੰਦੀ ਪਿੰਡਾਂ ਅਤੇ ਸ਼ਹਿਰਾਂ ਵਿੱਚ ਨੌਜਵਾਨਾਂ ਨੂੰ ਵੱਡੀ ਗਿਣਤੀ ਵਿੱਚ ਪਾਰਟੀ ਨਾਲ ਜੋੜਨ, ਲੋਕਾਂ ਦੀਆਂ ਮੁਸ਼ਕਲਾਂ ਨੂੰ ਉੱਚ ਪੱਧਰ ਤੱਕ ਪਹੁੰਚਾਉਣ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਜਥੇਬੰਦਕ ਤਾਕਤ ਨੂੰ ਹੋਰ ਮਜ਼ਬੂਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਏਗੀ।

ਆਰ.ਟੀ.ਆਈ. ਤਹਿਤ ਪਹਿਲੀਆਂ ਅਪੀਲਾਂ ਦਾ ਨਿਰਧਾਰਤ ਸਮੇਂ ਅੰਦਰ ਨਿਪਟਾਰਾ ਕਰਨਾ ਪ੍ਰਸ਼ਾਸਨ ਦੀ ਜ਼ਿੰਮੇਵਾਰੀ : ਵਿਨੋਦ ਕੌਸ਼ਲ

ਸਾਂਝੀ ਖ਼ਬਰ

ਅਪੀਲਾਂ ਦੇ ਫੈਸਲਿਆਂ ਵਿੱਚ ਸਪੱਸ਼ਟ ਅਤੇ ਤਰਕਸੰਗਤ ਕਾਰਨ ਦਰਜ ਕੀਤੇ ਜਾਣ, ਸੂਚਨਾ ਦੇਣ ਵਿੱਚ ਬੇਲੋੜੀ ਦੇਰੀ ਨਾ ਹੋਵੇ : ਬਲਵੀਰ ਸਿੰਘ ਸੈਣੀ



(ਤਰਸੇਮ ਦੀਵਾਨਾ)

ਹੁਸ਼ਿਆਰਪੁਰ, 11 ਨਵੰਬਰ

ਆਰਟੀਆਈ ਐਕਟਿਵਿਸਟ ਫਰੰਟ ਆਫ ਇੰਡੀਆ (ਰਾਫ਼ੀ) ਦੇ ਸਕੱਤਰ ਜਨਰਲ ਵਿਨੋਦ ਕੌਸ਼ਲ, ਚੇਅਰਮੈਨ ਤਰਸੇਮ ਦੀਵਾਨਾ, ਉੱਪ ਚੇਅਰਮੈਨ ਪੰਜਾਬ ਗੁਰਵਿੰਦਰ ਸਿੰਘ ਪਲਾਹਾ ਅਤੇ ਸੂਬਾ ਪ੍ਰਧਾਨ ਬਲਵੀਰ ਸਿੰਘ ਸੈਣੀ ਨੇ ਸੂਚਨਾ ਦੇ ਅਧਿਕਾਰ ਕਾਨੂੰਨ-2005 ਤਹਿਤ ਦਾਇਰ ਪਹਿਲੀਆਂ ਅਪੀਲਾਂ ਦਾ ਨਿਰਧਾਰਤ ਸਮੇਂ ਅੰਦਰ ਨਿਪਟਾਰਾ ਕਰਨ ਅਤੇ ਅਪੀਲਕਰਤਾਵਾਂ ਨੂੰ ਪਾਰਦਰਸ਼ੀ ਢੰਗ ਨਾਲ ਇਨਸਾਫ਼ ਦੇਣ ਦੀ ਲੋੜ 'ਤੇ ਜ਼ੋਰ ਦਿੱਤਾ ਹੈ। ਆਗੂਆਂ ਨੇ ਕਿਹਾ ਕਿ ਸੂਚਨਾ ਦਾ ਅਧਿਕਾਰ ਕਾਨੂੰਨ ਆਮ ਨਾਗਰਿਕਾਂ ਨੂੰ ਸਰਕਾਰੀ ਕੰਮਕਾਜ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਯਕੀਨੀ ਬਣਾਉਣ ਦਾ ਇੱਕ ਮਹੱਤਵਪੂਰਨ ਅਧਿਕਾਰ ਦਿੰਦਾ ਹੈ। ਇਸ ਕਾਨੂੰਨ ਦਾ ਅਸਲ ਮਕਸਦ ਉਦੋਂ ਹੀ ਪੂਰਾ ਹੋ ਸਕਦਾ ਹੈ, ਜਦੋਂ ਸਰਕਾਰੀ ਵਿਭਾਗਾਂ ਵੱਲੋਂ ਮੰਗੀ ਗਈ ਸੂਚਨਾ ਸਮੇਂ ਸਿਰ ਮੁਹੱਈਆ ਕਰਵਾਈ ਜਾਵੇ ਅਤੇ ਅਪੀਲਾਂ ਦਾ ਨਿਪਟਾਰਾ ਵੀ ਕਾਨੂੰਨੀ ਪ੍ਰਕਿਰਿਆ ਅਨੁਸਾਰ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸੂਚਨਾ ਦਾ ਅਧਿਕਾਰ ਕਾਨੂੰਨ ਦੀ ਧਾਰਾ 19(6) ਅਨੁਸਾਰ ਪਹਿਲੀ ਅਪੀਲ ਦਾ ਨਿਪਟਾਰਾ ਨਿਰਧਾਰਤ ਸਮਾਂ-ਸੀਮਾ ਅੰਦਰ ਕਰਨਾ ਲਾਜ਼ਮੀ ਹੈ। ਪਹਿਲੀ ਅਪੀਲ ਦਾ ਫੈਸਲਾ ਕਰਦੇ ਸਮੇਂ ਅਪੀਲਕਰਤਾ ਵੱਲੋਂ ਉਠਾਏ ਗਏ ਸਾਰੇ ਅਹਿਮ ਨੁਕਤਿਆਂ ਅਤੇ ਇਤਰਾਜ਼ਾਂ 'ਤੇ ਵਿਚਾਰ ਕਰਨਾ ਚਾਹੀਦਾ ਹੈ। ਉਹਨਾਂ ਕਿਹਾ ਕਿ ਅਪੀਲ ਦੇ ਹੁਕਮ ਸਿਰਫ਼ ਰਸਮੀ ਕਾਰਵਾਈ ਤੱਕ ਸੀਮਤ ਨਹੀਂ ਹੋਣੇ ਚਾਹੀਦੇ, ਸਗੋਂ ਉਨ੍ਹਾਂ ਵਿੱਚ ਫੈਸਲੇ ਦੇ ਸਪੱਸ਼ਟ, ਤਰਕਸੰਗਤ ਅਤੇ ਕਾਨੂੰਨੀ ਆਧਾਰ ਵੀ ਦਰਜ ਹੋਣੇ ਚਾਹੀਦੇ ਹਨ।

ਆਗੂਆਂ ਨੇ ਕਿਹਾ ਕਿ ਜੇਕਰ ਕਿਸੇ ਵਿਅਕਤੀ ਵੱਲੋਂ ਮੰਗੀ ਗਈ ਸੂਚਨਾ ਕਾਨੂੰਨ ਅਧੀਨ ਜਨਤਕ ਕੀਤੀ ਜਾ ਸਕਦੀ ਹੈ ਤਾਂ ਸਬੰਧਤ ਰਾਜ ਜਨ ਸੂਚਨਾ ਅਧਿਕਾਰੀ ਨੂੰ ਬਿਨਾਂ ਕਿਸੇ ਬੇਲੋੜੀ ਦੇਰੀ ਦੇ ਇਹ ਸੂਚਨਾ ਮੁਹੱਈਆ ਕਰਵਾਉਣੀ ਚਾਹੀਦੀ ਹੈ। ਕਿਸੇ ਵੀ ਨਾਗਰਿਕ ਨੂੰ ਆਪਣੀ ਹੀ ਮੰਗੀ ਹੋਈ ਸਰਕਾਰੀ ਜਾਣਕਾਰੀ ਪ੍ਰਾਪਤ ਕਰਨ ਲਈ ਦਫ਼ਤਰਾਂ ਦੇ ਵਾਰ-ਵਾਰ ਚੱਕਰ ਲਗਾਉਣ ਲਈ ਮਜਬੂਰ ਨਹੀਂ ਕੀਤਾ ਜਾਣਾ ਚਾਹੀਦਾ।

ਉਨ੍ਹਾਂ ਕਿਹਾ ਕਿ ਪਹਿਲੀਆਂ ਅਪੀਲਾਂ ਦੇ ਨਿਪਟਾਰੇ ਵਿੱਚ ਦੇਰੀ ਅਤੇ ਬਿਨਾਂ ਢੁੱਕਵੇਂ ਕਾ

ਕਾਂਗਰਸ ਨੇ 'ਮਿੱਠੀਆਂ ਸਿਆਸੀ ਗੋਲੀਆਂ' ਦੇਣ ਨਾਲ ਕੀਤੀ ਬਠਿੰਡਾ ਤੋਂ ਸ਼ੁਰੂਆਤ

ਸਾਂਝੀ ਖ਼ਬਰ

ਅਸ਼ੋਕ ਵਰਮਾ
ਬਠਿੰਡਾ , 11 ਨਵੰਬਰ

ਪੰਜਾਬ ਕਾਂਗਰਸ ਚੋਣ ਮੈਨੀਫੈਸਟੋ ਕਮੇਟੀ ਨੇ ਬਠਿੰਡਾ ਵਿੱਚ ਅੱਜ ਚੋਣ ਵਾਅਦਿਆਂ ਦਾ ਅਗੇਤਾ ਪਿਟਾਰਾ ਖੋਹਲਦਿਆਂ ਕਿਹਾ ਕਿ ਪੰਜਾਬ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਔਰਤਾਂ ਲਈ ਚਲਾਈ 1000 ਤੇ 1500 ਸਕੀਮ ਬੰਦ ਨਹੀਂ ਕੀਤੀ ਜਾਏਗੀ । ਕਾਂਗਰਸ ਦੀ ਮੈਨੀਫੈਸਟੋ ਕਮੇਟੀ ਦੇ ਚੇਅਰਮੈਨ ਅਤੇ ਫਤਿਹਗੜ੍ਹ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਡਾ ਅਮਰ ਸਿੰਘ ਨੇ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ, ਸਾਬਕਾ ਮੰਤਰੀ ਸੁਖਵਿੰਦਰ ਸਿੰਘ ਸੁੱਖ ਸਰਕਾਰੀਆ ਅਤੇ ਸ਼ਹਿਰੀ ਕਾਂਗਰਸ ਦੇ ਜਿਲ੍ਹਾ ਪ੍ਰਧਾਨ ਰਾਜਨ ਗਰਗ ਤੋਂ ਇਲਾਵਾ ਵੱਖ ਵੱਖ ਜਿਲ੍ਹਿਆਂ ਦੇ ਪ੍ਰਧਾਨਾਂ ਦੀ ਹਾਜ਼ਰੀ 'ਚ ਪੱਤਰਕਾਰਾਂ ਨੂੰ ਸਬੰਧਨ ਕਰਦਿਆਂ ਕਿਹਾ ਕਿ 'ਆਪ' ਸਰਕਾਰ ਵੱਲੋਂ ਕਾਂਗਰਸ ਦੀ ਹਕੂਮਤ ਆਉਣ 'ਤੇ ਇਹ ਸਕੀਮ ਬੰਦ ਕਰਨ ਸਬੰਧੀ ਕੀਤਾ ਜਾ ਰਿਹਾ ਪ੍ਰਚਾਰ ਗੁਮਰਾਹਕੁੰਨ ਅਤੇ ਤੱਥਾਂ ਤੋਂ ਪਰੇ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਦੀ ਸਰਕਾਰ ਆਉਣ 'ਤੇ ਔਰਤਾਂ ਲਈ ਸ਼ੁਰੂ ਇਸ ਸਕੀਮ ਦਾ ਦਾਇਰਾ ਹੋਰ ਵੀ ਵਧਾਇਆ ਜਾਏਗਾ।

ਉਨ੍ਹਾਂ ਦਾਅਵਾ ਕੀਤਾ ਕਿ ਆਉਣ ਵਾਲੀ ਸਰਕਾਰ ਕਾਂਗਰਸ



ਪੱਤਰਕਾਰਾਂ ਨੂੰ ਸੰਬੋਧਨ ਕਰਦੇ ਡਾ ਅਮਰ ਸਿੰਘ

ਦੀ ਬਣੇਗੀ ਅਤੇ ਪਾਰਟੀ ਆਪਣੇ ਦਮ 'ਤੇ ਬਹੁਮੱਤਦ ਹਾਸਲ ਕਰੇਗੀ। ਕਾਂਗਰਸੀ ਆਗੂਆਂ ਨੇ ਕਿਹਾ ਕਿ ਸੁਖਬੀਰ ਬਾਦਲ ਨੇ ਪੰਜ ਰੁਪਏ ਯੂਨਿਟ ਬਿਜਲੀ ਦੇਣ ਦੀ ਗੱਲ ਕਾਂਗਰਸ ਦੇ 2017 ਦੇ ਚੋਣ ਮੈਨੀਫੈਸਟੋ ਵਿੱਚੋਂ ਲਈ ਹੈ ਪ੍ਰੰਤੂ ਕਾਂਗਰਸ ਵਪਾਰੀਆਂ ਨੂੰ ਇਸ ਤੋਂ ਵੱਡੀ ਰਾਹਤ ਦੇਵੇਗੀ। ਉਹਨਾਂ ਕਿਹਾ ਕਿ ਵਪਾਰੀਆਂ ਨੇ ਸੁਰੱਖਿਆ ਦਾ ਮੁੱਦਾ ਉਠਾਇਆ ਹੈ। ਉਨ੍ਹਾਂ ਕਿਹਾ ਕਿ ਵਪਾਰੀਆਂ 'ਚ ਡਰ ਅਤੇ ਚਿਤਾ ਦਾ ਮਹੌਲ ਹੈ ਜਿਸ ਨੂੰ ਦੂਰ ਕਰਨ ਲਈ ਕਾਂਗਰਸ ਸਰਕਾਰ ਮਜਬੂਤੀ ਨਾਲ ਪਹਿਰਾ ਦੇਣ ਵਾਸਤੇ ਵਚਨਬੱਧ ਹੈ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਦੀ ਨਾਅਹਲੀਅਤ ਕਾਰਨ ਅੱਜ ਪੰਜਾਬ ਦੇ ਹਾਲਾਤ ਵੱਧ ਤੋਂ ਬਦਤਰ ਹੋਏ ਪਏ ਹਨ। ਉਨ੍ਹਾਂ ਕਿਹਾ ਕਿ ਨਸ਼ਿਆਂ , ਗੈਂਗਸਟਰਾਂ ਅਤੇ ਵਪਾਰੀਆਂ ਦੀ ਸੁਰੱਖਿਆ ਦੇ ਮੁੱਦੇ ਤੋਂ ਇਲਾਵਾ ਮਹਿਲਾਵਾਂ ਨੂੰ ਤਰੱਕੀ ਦੇਣ ਦਾ ਮੁੱਦਾ ਸਮੇਤ ਵੱਡੇ ਮਸਲੇ ਹਨ ਜਿਸ ਨੂੰ ਸਿਰਫ ਕਾਂਗਰਸ ਹੀ ਹੱਲ ਕਰ ਸਕਦੀ ਹੈ।

ਉਨ੍ਹਾਂ ਕਿਹਾ ਕਿ ਇਸ ਦੇ ਨਾਲ ਹੀ ਵਪਾਰੀਆਂ ਨੇ ਸਰਕਾਰ ਦੇ ਵੱਖ-ਵੱਖ ਵਿਭਾਗਾਂ ਵੱਲੋਂ ਤੰਗ ਪਰੇਸ਼ਾਨ ਕਰਨ ਦੀ ਗੱਲ ਵੀ ਸਾਹਮਣੇ ਲਿਆਂਦੀ ਹੈ । ਉਨ੍ਹਾਂ ਕਿਹਾ ਕਿ ਕਾਨੂੰਨ ਵਿਵਸਥਾ ,ਨਸ਼ਿਆਂ ਅਤੇ ਗੈਂਗਸਟਰਾਂ ਵਰਗੇ ਸੰਵੇਦਨਸ਼ੀਲ ਮੁੱਦੇ ਮੈਨੀਫੈਸਟੋ 'ਚ ਦਰਜ ਕੀਤੇ ਜਾਣਗੇ। ਉਹਨਾਂ ਕਿਹਾ ਕਿ ਆਪ ਇੱਕ ਡਰਾਮੇਬਾਜ਼ ਪਾਰਟੀ ਹੈ ਅਤੇ ਲੋਕਾਂ ਨੂੰ ਗੁਮਰਾਹ ਕਰਕੇ ਸਰਕਾਰ ਬਣਾਉਣ ਦੀ ਤਾਕ ਵਿੱਚ ਹੈ। ਇਸ ਮੌਕੇ ਉਹਨਾਂ ਕੇਂਦਰ ਦੀ ਭਾਜਪਾ ਸਰਕਾਰ ਨੂੰ ਕਰੜੇ ਹੱਥੀ ਲੈਂਦਿਆਂ ਕਿਹਾ ਕਿ ਉਹ ਧਰਮ ਦੇ ਨਾਂ ਤੇ ਵੰਡੀਆਂ ਪਾਉਣ ਦਾ ਕੰਮ ਕਰਦੀ ਹੈ ਜਦੋਂ ਕਿ ਕਾਂਗਰਸ ਦੀ ਸਾਬਕਾ ਚੇਅਰ ਪਰਸਨ ਸੋਨੀਆ ਗਾਂਧੀ ਦੀ ਕਿਤਾਬ ਵਿੱਚ 84 ਕਤਲੇਆਮ ਦੀ ਗੱਲ ਕਰਕੇ ਉਸ ਨੂੰ ਮੰਦਭਾਗਾ ਕਰਾਰ ਦਿੱਤਾ ਹੈ । ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਇਸ 'ਤੇ ਵੀ ਸਿਆਸੀ ਰੋਟੀਆਂ ਸੇਕ ਰਹੀ ਹੈ ਜਦੋਂਕਿ ਇਹ ਭੁਲੇਖਾ ਦੂਰ ਕਰ ਲੈਣਾ ਚਾਹੀਦਾ ਹੈ ਕਿ ਬੀਜੇਪੀ ਨੂੰ ਪੰਜਾਬ ਵਿੱਚ ਵੋਟ ਪਏਗੀ।

ਇਸ ਤੋਂ ਪਹਿਲਾਂ ਬਠਿੰਡਾ ਪੁੱਜੀ ਮੈਨੀਫੈਸਟੋ ਕਮੇਟੀ ਨੇ ਅੱਧੀ ਦਰਜਨ ਜਿਲ੍ਹਿਆਂ ਦੇ ਕਾਂਗਰਸੀ ਹਲਕਾ ਇੰਚਾਰਜਾਂ ਅਤੇ ਵੱਖ-ਵੱਖ ਵਰਗਾਂ ਦੇ ਨੁਮਾਇੰਦਿਆਂ ਨਾਲ ਗੱਲਬਾਤ ਕੀਤੀ ਅਤੇ ਸੁਝਾਅ ਲਏ। ਆਗੂਆਂ ਨੇ ਦੱਸਿਆ ਕਿ ਅੱਜ 150 ਤੋਂ ਵੱਧ ਵੱਖ-ਵੱਖ ਵਰਗਾਂ ਕਿਸਾਨਾਂ ਮਜ਼ਦੂਰਾਂ ਮੁਲਾਜ਼ਮਾਂ ਕੱਚੇ ਕਾਮਿਆਂ ਵਪਾਰੀਆਂ ਅਤੇ ਆਮ ਲੋਕਾਂ ਨੇ ਕਾਂਗਰਸ ਦੀ ਚੋਣ ਮੈਨੀਫੈਸਟੋ ਕਮੇਟੀ ਨਾਲ ਮੁਲਾਕਾਤ ਕੀਤੀ ਹੈ ਅਤੇ ਆਪੋ ਆਪਣੀਆਂ ਸਮੱਸਿਆਵਾਂ ਧਿਆਨ ਵਿੱਚ ਲਿਆਂਦੀਆਂ ਹਨ ਤੇ ਕਈ ਸੁਝਾਅ ਦਿੱਤੇ ਹਨ। ਪ੍ਰੈਸ ਕਾਨਫਰਸ ਦੌਰਾਨ ਕਾਂਗਰਸੀ ਆਗੂਆਂ ਨੇ ਐਲਾਨ ਕੀਤਾ ਕਿ ਕਾਂਗਰਸ ਦੀ ਸਰਕਾਰ ਬਣਨ 'ਤੇ ਸਾਰੇ ਮੁੱਦਿਆਂ ਨੂੰ ਹੱਲ ਕੀਤਾ ਜਾਵੇਗਾ ਅਤੇ ਪਾਰਟੀ ਦਾ ਚੋਣ ਮੈਨੀਫੈਸਟੋ ਹਰ ਵਰਗ ਦੀ ਗੱਲ ਕਰੇਗਾ। ਇਸ ਮੌਕੇ ਸਾਬਕਾ ਵਿਧਾਇਕ ਕੁਲਬੀਰ ਸਿੰਘ ਜੀਰਾ, ਸਾਬਕਾ ਵਿਧਾਇਕ ਪ੍ਰਕਾਸ਼ ਸਿੰਘ ਭੱਟੀ ਸਮੇਤ ਵੱਡੀ ਗਿਣਤੀ ਵਿੱਚ ਕਾਂਗਰਸੀ ਵਰਕਰ ਅਤੇ ਲੀਡਰ ਹਾਜ਼ਰ ਸਨ।

ਤਿਉਹਾਰੀ ਸੀਜ਼ਨ ਅਤੇ ਚੋਣਾਂ ਦੇ ਮੱਦੇਨਜ਼ਰ ਅੰਮ੍ਰਿਤਸਰ ਦਿਹਾਤੀ ਪੁਲਿਸ ਵੱਲੋਂ ਜੰਡਿਆਲਾ ਗੁਰੂ ਵਿੱਚ ਫਲੈਗ ਮਾਰਚ, ਸੁਰੱਖਿਆ ਪ੍ਰਬੰਧ ਕੀਤੇ ਸਖ਼ਤ

ਸਾਂਝੀ ਖ਼ਬਰ

ਨਸ਼ਾ ਤਸਕਰਾਂ ਅਤੇ ਸਮਾਜ ਵਿਰੋਧੀ ਅਨਸਰਾਂ ਵਿਰੁੱਧ ਜ਼ੀਰੋ ਟਾਲਰੈਂਸ, ਲੋਕਾਂ ਦੀ ਸੁਰੱਖਿਆ ਲਈ ਪੁਲਿਸ 24 ਘੰਟੇ ਤਾਇਨਾਤ: ਐੱਸ.ਐੱਸ.ਪੀ.

(ਅਸ਼ਵਨੀ ਸ਼ਰਮਾਂ)
ਜੰਡਿਆਲਾ ਗੁਰੂ 11 ਨਵੰਬਰ

ਤਿਉਹਾਰੀ ਸੀਜ਼ਨ ਅਤੇ ਆਉਣ ਵਾਲੀਆਂ ਚੋਣਾਂ ਨੂੰ ਧਿਆਨ ਵਿੱਚ ਰੱਖਦਿਆਂ ਸਰਹੱਦੀ ਜ਼ਿਲ੍ਹੇ ਵਿੱਚ ਅਮਨ-ਸ਼ਾਂਤੀ ਅਤੇ ਸੁਰੱਖਿਆ ਪ੍ਰਬੰਧਾਂ ਨੂੰ ਮਜ਼ਬੂਤ ਬਣਾਉਣ ਲਈ ਅੰਮ੍ਰਿਤਸਰ ਦਿਹਾਤੀ ਪੁਲਿਸ ਪੂਰੀ ਤਰ੍ਹਾਂ ਮੁਸਤੈਦ ਹੋ ਗਈ ਹੈ। ਅੱਜ ਜੰਡਿਆਲਾ ਗੁਰੂ ਵਿਖੇ ਪੁਲਿਸ ਫੋਰਸ ਦੇ ਨਾਲ ਅਰਧ ਸੈਨਿਕ ਬਲਾਂ ਵੱਲੋਂ ਸੰਵੇਦਨਸ਼ੀਲ ਇਲਾਕਿਆਂ ਵਿੱਚ ਐੱਸ ਐਸ ਪੀ ਕੰਵਲਪ੍ਰੀਤ ਸਿੰਘ ਚਾਹਲ ਅਤੇ ਡੀ ਐਸ ਪੀ ਬਲਜੀਤ ਸਿੰਘ ਦੀ ਅਗਵਾਈ ਹੇਠ ਫਲੈਗ ਮਾਰਚ ਕੱਢਿਆ ਗਿਆ। ਇਸ ਦੌਰਾਨ ਪੁਲਿਸ ਅਧਿਕਾਰੀਆਂ ਨੇ ਸਪੱਸ਼ਟ ਕੀਤਾ ਕਿ ਆਮ ਲੋਕਾਂ ਦੇ ਮਨਾਂ ਵਿੱਚ ਸੁਰੱਖਿਆ ਦੀ ਭਾਵਨਾ ਪੈਦਾ ਕਰਨ ਅਤੇ ਸਮਾਜ ਵਿਰੋਧੀ ਅਨਸਰਾਂ ਵਿੱਚ ਕਾਨੂੰਨ ਦਾ ਡਰ ਬਣਾਈ ਰੱਖਣ ਲਈ ਦਿਹਾਤੀ ਖੇਤਰ ਵਿੱਚ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ।

ਐੱਸ.ਐੱਸ.ਪੀ. ਕੰਵਲਪ੍ਰੀਤ ਸਿੰਘ ਚਾਹਲ ਨੇ ਦੱਸਿਆ ਕਿ ਪੰਜਾਬ ਦੇ ਸਰਹੱਦੀ ਇਲਾਕਿਆਂ ਦੀ ਸੰਵੇਦਨਸ਼ੀਲਤਾ ਨੂੰ ਦੇਖਦਿਆਂ ਸੂਬੇ ਦੇ ਡੀ.ਜੀ.ਪੀ. ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੂਰੀ ਸਰਹੱਦੀ ਪੱਟੀ ਵਿੱਚ ਕਰੀਬ 25 ਅਰਧ ਸੈਨਿਕ ਕੰਪਨੀਆਂ ਤਾਇਨਾਤ ਕੀਤੀਆਂ ਗਈਆਂ ਹਨ। ਇਨ੍ਹਾਂ ਵਿੱਚੋਂ 4 ਕੰਪਨੀਆਂ ਵਿਸ਼ੇਸ਼ ਤੌਰ 'ਤੇ ਅੰਮ੍ਰਿਤਸਰ ਦਿਹਾਤੀ ਪੁਲਿਸ ਨੂੰ ਦਿੱਤੀਆਂ ਗਈਆਂ ਹਨ, ਜਿਨ੍ਹਾਂ ਵਿੱਚ ਸੀਮਾ ਸੁਰੱਖਿਆ ਬਲ (ਬੀ.ਐੱਸ.ਐੱਫ.) ਦੀਆਂ 3 ਅਤੇ ਕੇਂਦਰੀ ਰਿਜ਼ਰਵ ਪੁਲਿਸ ਬਲ (ਸੀ.ਆਰ.ਪੀ.ਐੱਫ.) ਦੀ ਇੱਕ ਕੰਪਨੀ ਸ਼ਾਮਲ ਹੈ। ਇਨ੍ਹਾਂ ਵਾਧੂ ਕੰਪਨੀਆਂ ਦੀ ਤਾਇਨਾਤੀ ਨਾਲ ਦਿਹਾਤੀ ਖੇਤਰ ਦੀ ਜ਼ਮੀਨੀ ਸੁਰੱਖਿਆ ਅਤੇ ਗਸ਼ਤ ਪ੍ਰਬੰਧਾਂ ਨੂੰ ਕਾਫ਼ੀ ਮਜ਼ਬੂਤੀ ਮਿਲੀ ਹੈ।ਐੱਸ.ਐੱਸ.ਪੀ. ਨੇ ਸਰਹੱਦ ਪਾਰ ਤੋਂ ਹੋਣ ਵਾਲੀਆਂ ਸਾਜ਼ਿਸ਼ਾਂ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕਰਦਿਆਂ ਕਿਹਾ ਕਿ ਪਿਛਲੇ ਕੁਝ ਸਮੇਂ ਦੌਰਾਨ ਪਾਕਿਸਤਾਨ ਵੱਲੋਂ ਡਰੋਨਾਂ ਰਾਹੀਂ ਹੈਰੋਇਨ ਅਤੇ ਹਥਿਆਰਾਂ ਦੀਆਂ ਖੇਪਾਂ ਸੁੱਟਣ ਦੇ ਕਈ ਮਾਮਲੇ ਸਾਹਮਣੇ ਆਏ ਹਨ। ਸਰਹੱਦ ਨਾਲ ਲੱਗਦੇ ਸਾਰੇ ਸੰਵੇਦਨਸ਼ੀਲ ਰਸਤਿਆਂ ਅਤੇ ਪਿੰਡਾਂ ਵਿੱਚ ਹੁਣ 24 ਘੰਟੇ ਨਿਗਰਾਨੀ ਰੱਖੀ ਜਾ ਰਹੀ ਹੈ, ਤਾਂ ਜੋ ਡਰੋਨ ਰਾਹੀਂ ਨਸ਼ਿਆਂ ਜਾਂ ਹਥਿਆਰਾਂ ਦੀ ਖੇਪ ਸੁੱਟਣ ਦੀ ਕਿਸੇ ਵੀ ਸਾਜ਼ਿਸ਼ ਨੂੰ ਸਮੇਂ ਸਿਰ ਨਾਕਾਮ ਕੀਤਾ ਜਾ ਸਕੇ।



ਇਲਾਕੇ ਦੇ ਪ੍ਰਮੁੱਖ ਨਾਕਿਆਂ ਬਾਰੇ ਜਾਣਕਾਰੀ ਦਿੰਦਿਆਂ ਐੱਸ.ਐੱਸ.ਪੀ. ਨੇ ਰੋਜ਼ਾਨਾ ਸਪੋਕ-ਸਮੈਨ ਦੀ ਟੀਮ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜੰਡਿਆਲਾ ਗੁਰੂ, ਬਿਆਸ, ਮੱਤੇਵਾਲ ਅਤੇ ਜੈਂਤੀਪੁਰ ਵਰਗੇ ਸੰਵੇਦਨਸ਼ੀਲ ਅਤੇ ਮੁੱਖ ਮਾਰਗਾਂ 'ਤੇ ਪਹਿਲਾਂ ਤੋਂ ਸਥਾਪਤ ਹਾਈਟੈੱਕ ਨਾਕੇ ਪੂਰੀ ਸਰਗਰਮੀ ਨਾਲ ਕੰਮ ਕਰਦੇ ਰਹਿਣਗੇ। ਵਾਧੂ ਫੋਰਸ ਮਿਲਣ ਤੋਂ ਬਾਅਦ ਇਨ੍ਹਾਂ ਨਾਕਿਆਂ 'ਤੇ ਆਧੁਨਿਕ ਹਥਿਆਰਾਂ ਅਤੇ ਤਕਨੀਕ ਦੀ ਮਦਦ ਨਾਲ ਜਾਂਚ ਹੋਰ ਸਖ਼ਤ ਕਰ ਦਿੱਤੀ ਗਈ ਹੈ। ਜੰਡਿਆਲਾ ਇਲਾਕੇ ਬਾਰੇ ਉਨ੍ਹਾਂ ਸਪੱਸ਼ਟ ਕੀਤਾ ਕਿ ਪਹਿਲਾਂ ਇਹ ਖੇਤਰ ਅਪਰਾਧਿਕ ਗਤੀਵਿਧੀਆਂ ਦੇ ਲਿਹਾਜ਼ ਨਾਲ ਸੰਵੇਦਨਸ਼ੀਲ ਮੰਨਿਆ ਜਾਂਦਾ ਸੀ, ਪਰ ਹੁਣ ਪੁਲਿਸ ਦੀ ਲਗਾਤਾਰ ਸਖ਼ਤੀ ਕਾਰਨ ਇੱਥੇ ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਕਾਬੂ ਹੇਠ ਹੈ। ਜੇਕਰ ਕੋਈ ਛੋਟੀ-ਮੋਟੀ ਵਾਰਦਾਤ ਵੀ ਵਾਪਰਦੀ ਹੈ ਤਾਂ ਪੁਲਿਸ ਤੁਰੰਤ ਕਾਰਵਾਈ ਕਰਕੇ ਮੁਲਜ਼ਮਾਂ ਨੂੰ ਸਲਾਖਾਂ ਪਿੱਛੇ ਪਹੁੰਚਾਉਂਦੀ ਹੈ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਸੂਬੇ ਭਰ ਵਿੱਚ ਚੱਲ ਰਹੀ ਗੈਂਗਸਟਰ ਵਿਰੋਧੀ ਮੁਹਿੰਮ ਅਤੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦਾ ਜ਼ਿਕਰ ਕਰਦਿਆਂ ਐੱਸ.ਐੱਸ.ਪੀ. ਨੇ ਕਿਹਾ ਕਿ ਜ਼ਿਲ੍ਹੇ ਵਿੱਚ ਨਸ਼ਾ ਤਸਕਰਾਂ ਅਤੇ ਗੈਂਗਸਟਰਾਂ ਦੀਆਂ ਗਤੀਵਿਧੀਆਂ ਨੂੰ ਠੱਲ੍ਹ ਪਾਉਣ ਲਈ ਮੁਹਿੰਮ ਪੂਰੀ ਤਾਕਤ ਨਾਲ ਜਾਰੀ ਰਹੇਗੀ। ਕੇਂਦਰੀ ਸੁਰੱਖਿਆ ਬਲਾਂ ਦੇ ਸਹਿਯੋਗ ਨਾਲ ਨਸ਼ਾ ਤਸਕਰਾਂ ਅਤੇ ਸਮਾਜ ਵਿਰੋਧੀ ਅਨਸਰਾਂ ਵਿਰੁੱਧ ਛਾਪੇਮਾਰੀ ਹੋਰ ਤੇਜ਼ ਕੀਤੀ ਜਾਵੇਗੀ।ਅੰਤ ਵਿੱਚ ਐੱਸ.ਐੱਸ.ਪੀ. ਕਮਲਪ੍ਰੀਤ ਸਿੰਘ ਚਾਹਲ ਨੇ ਆਮ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਪੰਜਾਬ ਪੁਲਿਸ ਉਨ੍ਹਾਂ ਦੀ ਸੇਵਾ ਅਤੇ ਸੁਰੱਖਿਆ ਲਈ 24 ਘੰਟੇ ਤਿਆਰ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਬਿਨਾਂ ਕਿਸੇ ਡਰ ਦੇ ਸ਼ਾਂਤੀ ਅਤੇ ਆਪਸੀ ਭਾਈਚਾਰਕ ਸਾਂਝ ਨਾਲ ਤਿਉਹਾਰ ਮਨਾਉਣ।

ਆਕਾਸ਼ਵਾਣੀ ਲੁਧਿਆਣਾ ਨੇ ਮਨਾਈ 14ਵੀਂ ਵਰ੍ਹੇਗੰਢ, ਪੁਰਾਣੀਆਂ ਯਾਦਾਂ ਕੀਤੀਆਂ ਸਾਂਝੀਆਂ

ਸਾਂਝੀ ਖ਼ਬਰ

ਸਟੇਸ਼ਨ ਡਾਇਰੈਕਟਰ ਕਰਮਵੀਰ ਕਰਨ ਨੇ ਸਮੂਹ ਸਟਾਫ ਨੂੰ ਦਿੱਤੀ ਵਧਾਈ, 13 ਸਾਲਾਂ ਦੇ ਸਫ਼ਰ ਨੂੰ ਕੀਤਾ ਯਾਦ

ਜਸਵੀਰ ਸਿੰਘ ਮਣਕੂ
ਲੁਧਿਆਣਾ, 12 ਨਵੰਬਰ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀਏਯੂ) ਸਥਿਤ ਆਲ ਇੰਡੀਆ ਰੇਡੀਓ ਦੇ ਆਕਾਸ਼ਵਾਣੀ ਲੁਧਿਆਣਾ ਵੱਲੋਂ ਆਪਣੀ 14ਵੀਂ ਵਰ੍ਹੇਗੰਢ ਉਤਸ਼ਾਹ ਅਤੇ ਖੁਸ਼ੀ ਨਾਲ ਮਨਾਈ ਗਈ। ਸਮਾਗਮ ਸਟੇਸ਼ਨ ਡਾਇਰੈਕਟਰ ਕਰਮਵੀਰ ਕਰਨ ਦੀ ਅਗਵਾਈ ਹੇਠ ਕਰਵਾਇਆ ਗਿਆ, ਜਿਸ ਵਿੱਚ ਸਟੇਸ਼ਨ ਦੇ ਸਮੂਹ ਸਟਾਫ ਅਤੇ ਆਰਜੇਜ਼ ਨੇ ਸ਼ਿਰਕਤ ਕੀਤੀ।

ਇਸ ਮੌਕੇ ਸਟੇਸ਼ਨ ਡਾਇਰੈਕਟਰ ਕਰਮਵੀਰ ਕਰਨ ਨੇ ਕਿਹਾ ਕਿ



ਆਕਾਸ਼ਵਾਣੀ ਲੁਧਿਆਣਾ ਨੇ ਆਪਣੇ ਸਫ਼ਰ ਦੇ 13 ਸਾਲ ਸਫਲਤਾਪੂਰਵਕ ਪੂਰੇ ਕਰ ਲਏ ਹਨ ਅਤੇ ਹੁਣ 14ਵੇਂ ਸਾਲ ਵਿੱਚ ਪ੍ਰਵੇਸ਼ ਕਰ ਗਿਆ ਹੈ। ਉਨ੍ਹਾਂ ਇਸ ਮਾਣਮੱਤੇ ਮੌਕੇ 'ਤੇ ਸਮੂਹ ਸਟਾਫ ਨੂੰ ਵਧਾਈ ਦਿੰਦਿਆਂ ਕਿਹਾ ਕਿ ਕਿਸੇ ਵੀ ਸੰਸਥਾ ਦੀ ਸਫ਼ਲਤਾ ਪਿੱਛੇ ਉਸ ਨਾਲ ਜੁੜੇ ਹਰ ਵਿਅਕਤੀ ਦੀ ਮਿਹਨਤ, ਲਗਨ ਅਤੇ ਸਮਰਪਣ ਹੁੰਦਾ ਹੈ। ਉਨ੍ਹਾਂ ਸਟੇਸ਼ਨ ਨਾਲ ਜੁੜੀਆਂ ਪੁਰਾਣੀਆਂ ਯਾਦਾਂ ਸਾਂਝੀਆਂ ਕਰਦਿਆਂ ਬੀਤੇ ਸਾਲਾਂ ਦੌਰਾਨ ਮਿਲੇ ਤਜਰਬਿਆਂ ਅਤੇ ਸਹਿਯੋਗ ਨੂੰ ਵੀ ਯਾਦ ਕੀਤਾ।

ਉਨ੍ਹਾਂ ਕਿਹਾ ਕਿ ਆਕਾਸ਼ਵਾਣੀ ਨੇ ਹਮੇਸ਼ਾ ਸਰੋਤਿਆਂ ਨਾਲ ਆਪਣਾ ਗੂੜ੍ਹਾ ਰਿਸ਼ਤਾ ਬਣਾਈ ਰੱਖਿਆ ਹੈ ਅਤੇ ਰੇਡੀਓ ਅੱਜ ਵੀ ਜਾਣਕਾਰੀ, ਮਨੋਰੰਜਨ, ਸਿੱਖਿਆ ਅਤੇ ਸਮਾਜਿਕ ਜਾਗਰੂਕਤਾ ਦਾ ਅਹਿਮ ਮਾਧਿਅਮ ਹੈ। ਇਸ ਸਫ਼ਰ ਨੂੰ ਅੱਗੇ ਵਧਾਉਣ ਵਿੱਚ ਸਮੁੱਚੀ ਟੀਮ ਦਾ ਯੋਗਦਾਨ ਸ਼ਲਾਘਾਯੋਗ ਹੈ।

ਇਸ ਮੌਕੇ ਆਰਜੇ ਸੰਦੀਪ ਕੌਰ, ਆਰਜੇ ਜੈ ਦੀਪ ਸਿੰਘ, ਆਰਜੇ ਕੰਵਲਪ੍ਰੀਤ ਸਿੰਘ, ਆਰਜੇ ਮਨਿੰਦਰ ਕੌਰ, ਆਰਜੇ ਕੁਲਦੀਪ ਸਿੰਘ, ਆਰਜੇ ਅਮਨ ਭਗਤ ਵੋਹਰਾ, ਆਰਜੇ ਗੁਰਵਿੰਦਰ ਸਿੰਘ, ਆਰਜੇ ਸਿਮਰਨ ਕੌਰ, ਆਰਜੇ ਸੋਨੀਆ, ਆਰਜੇ ਵਿਨਾਇਕਾ ਸ਼ਰਮਾ, ਆਰਜੇ ਆਕਾਸ਼ਦੀਪ ਕੁਮਾਰ, ਆਰਜੇ ਪ੍ਰੀਤੀ ਸ਼ਰਮਾ, ਬੀਏ ਰੀਨਾ ਢਿੱਲੋਂ, ਸਰਬਜੀਤ ਲੁਧਿਆਣਵੀ, ਬੀਈ ਨੀਰੂ ਠਾਕੁਰ, ਬੀਈ ਸਰਬਜੀਤ ਕੌਰ, ਬੀਈ ਸਿਮਰਨ ਕੌਰ, ਬੀਈ ਪਰਮਜੀਤ ਸਿੰਘ ਅਰਮਾਨ, ਬੀਏ ਰਾਘਵ ਅਰੋੜਾ, ਇੰਜੀਨੀਅਰ ਕਿਰਪਾਲ ਸਿੰਘ, ਹਰਜਿੰਦਰ ਸਿੰਘ, ਡੀਈਓ ਅਰਜਨ ਅਯਾਲੀ, ਰਾਹੁਲ ਕੁਮਾਰ ਸਮੇਤ ਹੋਰ ਸਟਾਫ ਮੈਂਬਰ ਹਾਜ਼ਰ ਸਨ। ਸਮਾਗਮ ਦੌਰਾਨ ਸਾਰਿਆਂ ਨੇ ਇਸ ਮਾਣਮੱਤੇ ਸਫ਼ਰ ਦੀਆਂ ਯਾਦਾਂ ਤਾਜ਼ਾ ਕੀਤੀਆਂ ਅਤੇ ਭਵਿੱਖ ਵਿੱਚ ਵੀ ਸਰੋਤਿਆਂ ਨਾਲ ਆਪਣੀ ਸਾਂਝ ਹੋਰ ਮਜ਼ਬੂਤ ਕਰਨ ਦਾ ਸੰਕਲਪ ਲਿਆ।

1984 ਦੇ ਜ਼ਖ਼ਮ ਅੱਜ ਵੀ ਤਾਜ਼ਾ, ਸਿੱਖ ਕੌਮ ਨੂੰ ਕਾਂਗਰਸ ਤੋਂ ਜਵਾਬ ਦੀ ਉਡੀਕ : ਸਰਦਾਰ ਤ੍ਰਿਲੋਚਨ ਸਿੰਘ

ਸਾਂਝੀ ਖ਼ਬਰ

ਸੋਨੀਆ ਗਾਂਧੀ ਦੀ ਕਿਤਾਬ 'ਤੇ ਭਾਜਪਾ ਆਗੂ ਨੇ ਚੁੱਕੇ ਸਵਾਲ, ਕਿਹਾ– ਸਿੱਖ ਵਿਰੋਧੀ ਦੰਗਿਆਂ ਅਤੇ ਆਪ੍ਰੇਸ਼ਨ ਬਲੂ ਸਟਾਰ ਦੀ ਜ਼ਿੰਮੇਵਾਰੀ ਤੋਂ ਨਹੀਂ ਬਚ ਸਕਦੀ ਕਾਂਗਰਸ ਲੀਡਰਸ਼ਿਪ



ਸੁਖਵਿੰਦਰ ਸੋਹੀ
ਕਰਨਾਲ,

ਹਰਿਆਣਾ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ

ਪਟਾਕਿਆਂ ਦਾ ਧੂੰਆਂ

ਸਾਂਝੀ ਖ਼ਬਰ

ਰਾਜਵਿੰਦਰ ਰੌਂਤਾ

ਦੀਵਾਲੀ ਤੋਂ ਪਿੱਛੋਂ ਦਾ ਮਹੌਲ ਬਾਰੇ ਸਖਸ਼ੀਅਤਾਂ ਦੇ ਵਿਚਾਰ।

ਹਰਪ੍ਰੀਤ ਕੌਰ ਗਰੇਵਾਲ ਸਮਾਜ ਸੇਵੀ, ਟੋਨਾ ਬਾਰੇ ਵਾਲਾ ਕਬੱਡੀ ਪ੍ਰਮੋਟਰ, ਡਾਕਟਰ ਸੁਖਵਿੰਦਰ ਸਿੰਘ ਡਿਪਟੀ ਡਾਇਰੈਕਟਰ, ਸੁਖਚੈਨ ਸਿੰਘ ਸਕੱਤਰ ਮਾਰਕਿਟ ਕਮੇਟੀ, ਸ਼ਾਇਰਾ ਸਿਮਰਨ ਜੁਤਲਾ ਨੇ ਕਿਹਾ ਕਿ ਪਟਾਕਿਆਂ ਨੂੰ ਫੂਕਣ ਬਾਰੇ ਵੱਡੇ ਅੰਕੜੇ ਸਾਹਮਣੇ ਆਏ ਹਨ ਜਿਸ ਅਨੁਸਾਰ ਪੰਜਾਬ ਵਿੱਚ 200 ਕਰੋੜ ਤੋਂ ਵੱਧ ਦੇ ਪਟਾਕੇ ਚਲਾਏ ਗਏ ਅਤੇ ਇਕੱਲੇ ਦਿੱਲੀ ਵਿੱਚ 250 ਕਰੋੜ ਕਰੀਬ ਦੇ ਰੁਪਏ ਦੇ ਪਟਾਕੇ ਚਲਾਏ ਜਾਣ ਦਾ ਪਤਾ ਲੱਗਿਆ ਹੈ



ਇੱਕ ਦੂਜੇ ਤੋਂ ਵੱਧ ਕੇ ਪਟਾਕੇ ਚਲਾਉਣ ,ਮਹਿੰਗੇ ਮਹਿੰਗੇ ਪਟਾਕੇ ਚਲਾਉਣ ਦੀ ਵਾਦੀ ਨੇ ਜਿੱਥੇ ਕਰੋੜਾਂ ਰੁਪਏ ਨੂੰ ਚੂਨਾ ਲਗਾਇਆ ਹੈ ਉੱਥੇ ਵਾਤਾਵਰਨ ਨੂੰ ਵੀ ਦੂਸ਼ਿਤ ਕੀਤਾ ਹੈ। ਪਟਾਕਿਆਂ ਦੇ ਮਸਾਲੇ ਬਰੂਦ ਦੇ ਭੈੜੇ ਧੂਏ ਨੇ ਗਲੇ ਬੁਖਾਰ ਜੁਕਾਮ ਅਲਰਜੀ ਦੀਆਂ ਬਿਮਾਰੀਆਂ ਵਿੱਚ ਢੇਰ ਸਾਰਾ ਵਾਧਾ ਕਰ ਦਿੱਤਾ। ਕੁਝ ਕ ਪਟਾਕੇਆ ਨਾਲ ਹੀ ਕਿੰਨੇ ਭੈੜੀ ਧੂੰਏ ਦੀ ਬਦਬੂ ਫੈਲਣ ਲੱਗਦੀ ਹੈ ਦਿਵਾਲੀ ਵੇਲੇ ਕਰੋੜਾਂ ਰੁਪਏ ਦੇ ਪਟਾਕੇ ਪੰਜਾਬ ਹਰਿਆਣਾ ਦਿੱਲੀ ਯੂਪੀ ਵਿਚ ਚਲਾਏ ਗਏ। ਦੇਖੀਏ ਤਾਂ ਦਿੱਲੀ ਨੇੜੇ ਸੂਬਿਆਂ ਵਿਚ ਅਰਬ ਦੇ ਕਰੀਬ ਦੇ ਮੁੱਲ ਦੇ ਪਟਾਕੇ ਚੱਲਣ ਨਾਲ ਜਿੱਥੇ ਪਟਾਕਿਆਂ ਦੀ ਕੰਪਨੀ ਨੂੰ ਕਿੰਨਾ ਵੱਡਾ ਮੁਨਾਫਾ ਹੋਇਆ ਹੋਵੇਗਾ ਦੂਜੇ ਪਾਸੇ ਆਮ ਲੋਕਾਂ ਦੀ ਜੇਬ ਤੇ ਡਾਕਾ ਵੀ ਪਿਆ ਹੈ। ਬੇਸ਼ੱਕ ਦਿਵਾਲੀ ਤੇ ਪਟਾਕੇ ਖੁਸ਼ੀ ਦਾ ਇਜ਼ਹਾਰ ਹਨ ਪਰ ਇਨੇ ਵੱਡੇ ਪੱਧਰ ਦੇ ਵੱਡੇ ਵੱਡੇ ਪਟਾਕੇ ਨਾਲ ਜਿਹੜਾ ਵਾਤਾਵਰਨ ਗੰਧਲਾ ਹੋਇਆ ਹੈ ਉਸ ਦਾ ਜਿੰਮੇਵਾਰ ਕੌਣ ਹੈ। ਲੋਕਾਂ ਨੂੰ ਇਸ ਵਿੱਚ ਅਹਿਮ ਭੂਮਿਕਾ ਨਿਭਾਉਣ ਦੀ ਲੋੜ ਹੈ ਸਰਕਾਰਾਂ ਵੀ ਆਪਣਾ ਫਰਜ਼ ਨਿਭਾਉਣ ਕਿ ਪਟਾਕੇ ਸ਼ਗਨ ਵਜੋਂ ਚਲਾਏ ਜਾਣ ।ਕਰੋੜਾਂ ਰੁਪਏ ਪਟਾਕਿਆਂ ਤੇ ਫੂਕਣ ਦੀ ਬਜਾਏ ਲੋਕ ਭਲਾਈ ਲਈ ਬਿਮਾਰ ਲੋਕਾਂ ਲਈ ਆਸ਼ਰਮ ਤੇ ਲੋੜਵੰਦ ਲੋਕਾਂ ਲਈ ਸੇਵਾਦਾਨ ਵਜੋਂ ਦਿੱਤੇ ਜਾਣ ਇਹ ਖੁਸ਼ੀ ਦਾਨੀ ਅਤੇ ਦਾਨ ਪ੍ਰਾਪਤ ਕਰਨ ਵਾਲੇ ਨੂੰ ਕਿੰਨੀ ਖੁਸ਼ੀ ਮਿਲੇਗੀ।

ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਨੇ ਖੇਡ ਕ੍ਰਾਂਤੀ ਨੂੰ ਪੰਜਾਬ ਦੇ ਨੌਜਵਾਨਾਂ ਦੇ ਉੱਜਵਲ ਭਵਿੱਖ ਦੀ ਨੀਂਹ ਦੱਸਿਆ

ਸਾਂਝੀ ਖ਼ਬਰ

ਜਸਵੀਰ ਸਿੰਘ ਮਣਕੂ
ਖੰਨਾ, 11 ਨਵੰਬਰ

ਕੈਬਨਿਟ ਮੰਤਰੀ ਅਤੇ ਹਲਕਾ ਖੰਨਾ ਦੇ ਵਿਧਾਇਕ ਤਰੁਣਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖ ਕੇ ਖੇਡਾਂ ਨਾਲ ਜੋੜਨਾ ਅਤੇ ਪਿੰਡਾਂ ਵਿੱਚ ਬਿਹਤਰ ਖੇਡ ਸਹੂਲਤਾਂ ਮੁਹੱਈਆ ਕਰਵਾਉਣਾ ਬਹੁਤ ਜ਼ਰੂਰੀ ਹੈ। ਮੁੱਖ ਮੰਤਰੀ ਭਗਵੰਤ ਮਾਨ ਵੱਲੋਂ 1,000 ਮੁੱਖ ਮੰਤਰੀ ਖੇਡ ਮੈਦਾਨਾਂ ਦਾ ਉਦਘਾਟਨ ਇਸੇ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਉਪਰਾਲਾ ਹੈ। ਮੰਤਰੀ ਸੌਂਦ ਨੇ ਕਿਹਾ ਕਿ ਪੰਜਾਬ ਸਰਕਾਰ ਦੀ 3,100 ਖੇਡ ਮੈਦਾਨ ਵਿਕਸਿਤ ਕਰਨ ਦੀ ਯੋਜਨਾ ਨਾਲ ਪੇਂਡੂ ਖੇਤਰਾਂ ਦੇ ਨੌਜਵਾਨਾਂ ਨੂੰ



ਆਪਣੇ ਪਿੰਡ ਵਿੱਚ ਹੀ ਅਭਿਆਸ ਕਰਨ ਦੀ ਸਹੂਲਤ ਮਿਲੇਗੀ। ਇਸ ਨਾਲ ਆਰਥਿਕ ਤੌਰ 'ਤੇ ਕਮਜ਼ੋਰ ਪਰਿਵਾਰਾਂ ਦੇ ਬੱਚਿਆਂ ਨੂੰ ਵੀ ਖੇਡਾਂ ਵਿੱਚ ਅੱਗੇ ਵਧਣ ਦੇ ਮੌਕੇ ਮਿਲਣਗੇ। ਉਨ੍ਹਾਂ ਕਿਹਾ ਕਿ ਇਨ੍ਹਾਂ ਮੈਦਾਨਾਂ ਵਿੱਚ ਨੌਜਵਾਨ ਆਪਣੀ ਪ੍ਰਤਿਭਾ ਨੂੰ ਨਿਖਾਰ ਸਕਣਗੇ, ਨਿਯਮਿਤ ਕਸਰਤ ਕਰਨਗੇ ਅਤੇ ਜ਼ਿਲ੍ਹਾ, ਰਾਜ ਅਤੇ ਰਾਸ਼ਟਰੀ ਪੱਧਰ ਦੀਆਂ ਪ੍ਰਤੀਯੋਗਤਾਵਾਂ ਤੱਕ ਪਹੁੰਚਣ ਦਾ ਟੀਚਾ ਹਾਸਲ ਕਰ ਸਕਣਗੇ। ਖੇਡ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਨਾਲ ਨੌਜਵਾਨਾਂ ਵਿੱਚ ਅਨੁਸ਼ਾਸਨ, ਟੀਮ ਭਾਵਨਾ ਅਤੇ ਸਿਹਤਮੰਦ ਜੀਵਨ ਸ਼ੈਲੀ ਦਾ ਵਿਕਾਸ ਹੋਵੇਗਾ। ਮੰਤਰੀ ਸੌਂਦ ਨੇ ਕਿਹਾ ਕਿ ਇਨ੍ਹਾਂ ਖੇਡ ਮੈਦਾਨਾਂ ਵਿੱਚ ਖਿਡਾਰੀਆਂ ਲਈ ਉੱਚ ਪੱਧਰੀ ਟਰੈਕ, ਫਲੱਡ ਲਾਈਟਾਂ, ਖੇਡ ਕਿੱਟਾਂ ਅਤੇ ਮੁਫ਼ਤ ਕੋਚਿੰਗ ਵਰਗੀਆਂ ਸਹੂਲਤਾਂ ਦਾ ਵਿਸ਼ੇਸ਼ ਪ੍ਰਬੰਧ ਕੀਤਾ ਜਾ ਰਿਹਾ ਹੈ। ਇਸ ਨਾਲ ਪੇਂਡੂ ਖੇਤਰਾਂ ਦੇ ਹੋਣਹਾਰ ਨੌਜਵਾਨਾਂ ਨੂੰ ਆਪਣੀ ਖੇਡ ਪ੍ਰਤਿਭਾ ਨਿਖਾਰਨ ਲਈ ਬਿਹਤਰ ਮੰਚ ਮਿਲੇਗਾ। ਉਨ੍ਹਾਂ ਉਮੀਦ ਜਤਾਈ ਕਿ ਇਨ੍ਹਾਂ ਮੈਦਾਨਾਂ ਵਿੱਚ ਮਿਹਨਤ ਅਤੇ ਪਸੀਨਾ ਵਹਾ ਕੇ ਪੰਜਾਬ ਦੇ ਨੌਜਵਾਨ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਸੂਬੇ ਦਾ ਨਾਮ ਰੌਸ਼ਨ ਕਰਨਗੇ ਅਤੇ ਮਿਲ ਕੇ ਰੰਗਲਾ ਪੰਜਾਬ ਬਣਾਉਣ ਵਿੱਚ ਆਪਣਾ ਯੋਗਦਾਨ ਪਾਉਣਗੇ।



ਅਦਾਰਾ ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ, ਖਬਰਾਂ ਆਰਟੀਕਲਾਂ ਅਤੇ ਹੋਰ ਮੈਟਰ ਦੀ ਪੁਸ਼ਟੀ ਨਹੀ ਕਰਦਾ ਹੈ ਜਿਸਦੇ ਲਈ ਭੇਜਣ ਵਾਲੇ ਖੁਦ ਜਿੰਮੇਵਾਰ ਹੋਣਗੇ। ਰੋਜ਼ਾਨਾ ਸਾਂਝੀ ਖ਼ਬਰ ਵਿੱਚ ਪ੍ਰਕਾਸ਼ਿਤ ਸਮੱਗਰੀ ਅਤੇ ਹੋਰ ਵਾਦ ਵਿਵਾਦ ਸਬੰਧੀ ਕੇਸ਼ਾਂ ਦਾ ਨਿਪਟਾਰਾ ਸਿਰਫ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਚੰਡੀਗੜ ਵਿੱਚ ਹੋਵੇਗਾ।
ਮਾਲਕ ਨਰਿੰਦਰ ਜੱਗਾ ਪ੍ਰਕਾਸ਼ਿਕ ਪ੍ਰਿੰਟਰ ਅਤੇ ਮੁੱਖ ਸੰਪਾਦਕ ਪੀ ਐਸ ਮਿੱਠਾ, ਸਹਿ ਸੰਪਾਦਕ ਸੰਦੀਪ ਸਿੰਘ
ਨੇ ਰੋਜ਼ਾਨਾ ਸਾਂਝੀ ਖ਼ਬਰ ਦਾ ਇਹ ਡਿਜੀਟਲ ਐਡੀਸ਼ਨ ਪਟਿਆਲਾ ਰੋਡ ਨੇੜੇ ਪੰਜਾਬ ਐਂਡ ਸਿੰਧ ਬੈਂਕ ਜੀਰਕੁਪਰ ਜਿਲ੍ਹਾ ਮੋਹਾਲੀ ਪੰਜਾਬ ਤੋਂ ਰਿਲੀਜ਼ ਕੀਤਾ ਹੈ

ਅੰਮ੍ਰਿਤ ਪਵਾਰ

62804 94562



ਬਰੈਂਪਟਨ ਸ਼ੋ ਵਿੱਚ ਗਾਇਕੀ ਦਾ ਅਖਾੜਾ ਕਲਾਕਾਰ_ਹਰਪ੍ਰੀਤ ਰੰਧਾਵਾ/ਜੱਸ ਸੰਘਾ



ਬਰੈਂਪਟਨ ਵਿਖੇ ਇੱਕ ਬਹੁਤ ਪਿਆਰਾ ਮਿਊਜ਼ਿਕ ਈਵੈਂਟ 13 ਨਵੰਬਰ ਨੂੰ ਹੋਣ ਜਾ ਰਿਹਾ ਹੈ ਤੇ ਇਸ ਸ਼ੋ ਨੂੰ "ਚੀਰਜ ਟੂ 2026 " ਦਾ ਨਾਮ ਦਿੱਤਾ ਗਿਆ ਹੈ।ਸ਼ੋ ਦਾ ਮਕਸਦ ਮਿਊਜ਼ਿਕ, ਮਸਤੀ ਤੇ ਯਾਦਾਂ ਹੈ।ਇਸ ਸ਼ੋ ਲਈ ਕਨੇਡੀਅਨ ਪੰਜਾਬੀ ਲੋਕਾਂ ਚ ਉਤਸ਼ਾਹ ਹੈ ਅਤੇ ਖਾਸ ਕਰ ਬਰੈਂਪਟਨ ਵਾਲੇ ਇਸ ਸੰਗੀਤ ਭਰੇ ਸ਼ੋ ਨੂੰ ਦੇਖਣ ਲਈ ਉਤਾਵਲੇ ਹਨ।ਇਸ ਸ਼ਾਨਦਾਰ ਹੋਣ ਵਾਲੇ ਸ਼ੋ ਚ ਅਸਦ ਖਾਨ ਦੇ ਗਾਣੇ ਰੰਗ ਬਨਣਗੇ ਤੇ ਹੈਰੀ ਘੁੰਮਣ ਵੀ ਆਪਣੀ ਗਾਇਕੀ ਜਲਵੇ ਨਾਲ ਦਰਸ਼ਕ ਖੁਸ਼ ਕਰੇਗਾ। ਪ੍ਰਿੰਸ ਇੰਦਰਪ੍ਰੀਤ ਸਿੰਘ ਤੇ ਪ੍ਰਭਜੋਤ ਦੀ ਗਾਇਕੀ ਸਰੋਤਿਆਂ ਨੂੰ ਪੂਰਾ ਨਜ਼ਾਰਾ ਦੇਵੇਗੀ।ਸ਼ੋ ਚ ਜਾਨ ਪਏਗੀ ਲੋਕ ਝੂਮ ਜਾਣਗੇ ਜਦ ਸਟੇਜ ਤੇ ਗਾਇਕ ਹਰਪ੍ਰੀਤ ਰੰਧਾਵਾ ਆਪਣੇ ਵੰਨ ਸੁਵੰਨੇ ਗੀਤ ਗਾਉਣਗੇ ਤੇ ਨਾਲ ਹੀ ਜੱਸ ਸੰਘਾ ਦੀ ਗਾਇਕੀ ਵੀ ਪੂਰੇ ਲੁਤਫ਼ ਦੇਵੇਗੀ।ਤਿਆਰ ਹੋ ਜਾਓ ਬਰੈਂਪਟਨ ਵਾਲਿਓ ਆ ਗਈ ਤੇਰਾਂ ਨਵੰਬਰ ਤੇ ਦੇਖਿਓ ਮਿਊਜ਼ਿਕ, ਮਸਤੀ ਤੇ ਯਾਦਾਂ ਵਾਲੀ ਸ਼ਾਮ /ਰਾਤ।_ਅੰਮ੍ਰਿਤ ਪਵਾਰ।

ਦਿੱਲੀ ਵਾਲੜੀਆਂ ਦੀ ਪਸੰਦ ਪਾਲੀ ਦਮਦਮੇ-ਵਾਲੀਆ ਦੀ _ਕਰਵਾ ਚੌਥ



ਦੀਵਾਲੀ ਕਾਰਨ ਅਸੀਂ ਦਿੱਲੀ ਦੀਆਂ ਔਰਤਾਂ ਚ ਸ਼ੋਰਟ ਪੰਜਾਬੀ ਫ਼ਿਲਮਾਂ ਤੇ ਸਰਵੇ ਕਰ ਰਹੇ ਸੀ ਤਾਂ ਖੁਸ਼ੀ ਹੋਈ ਕਿ ਨਿਰੰਕਾਰੀ ਕਲੋਨੀ , ਮੁਕਰਜੀ ਨਗਰ ਤੇ ਪਰਮਾਨੰਦ ਕਲੋਨੀ ਦੇ ਨਾਲ ਗੁਰੂ ਤੇਗ ਬਹਾਦੁਰ ਨਗਰ ਦੀਆਂ ਔਰਤਾਂ ਪੰਜਾਬਣਾਂ ਨੇ ਕਿਹਾ ਕਿ ਓਹਨਾਂ ਨੂੰ ਪੰਜਾਬੀ ਸ਼ੋਰਟ ਫ਼ਿਲਮ "ਕਰਵਾ ਚੌਥ" ਬਹੁਤ ਪਸੰਦ ਆਈ।ਇਹ ਫਿਲਮ ਪਾਲੀ ਦਮਦਮੇ ਵਾਲੀਆ ਨੇ ਲਿਖੀ ਤੇ ਹਰਮਿੰਦਰ ਸਿੰਘ ਬਿਲਖੂ ਨੇ ਨਿਰਦੇਸ਼ਨ ਦਿੱਤਾ। ਪਾਲੀ ਨੇ ਖੁਦ ਇਸ ਚ ਕੰਮ ਕੀਤਾ ।ਕਰੋਲ ਬਾਗ ਦੀ ਜੈਇੰਦਰ ਕੌਰ ਤੇ ਮੋਤੀ ਨਗਰੀ ਦੀ ਸੁਸ਼ਮਾ ਬਾਲਾ ਨੇ ਕਿਹਾ ਕਿ ਇਸ ਫਿਲਮ ਦੀ ਟੀਮ ਨੂੰ ਮੁਬਾਰਕ ਦੇਣੀ ਤੇ ਕਹਿਣਾ ਕਿ ਓਹ ਨਵੇਂ ਸਾਲ ਦੇ ਜਸ਼ਨ ਤੇ ਵੀ ਕੋਈ ਸ਼ੋਰਟ ਫ਼ਿਲਮ ਬਣਾਉਣ ਜਿਸ ਚ ਕਲੱਬ ਜਾਣ ਵਾਲੀਆਂ ਔਰਤਾਂ ਤੇ ਸੜਕ ਤੇ ਸੌਂ ਰਾਤ ਕਟਦੀਆਂ ਔਰਤਾਂ ਦਾ ਜ਼ਿਕਰ ਹੋਏ।ਲਓ ਜੀ ਹਰਮਿੰਦਰ ਬਿਲਖੂ ਤੇ ਪਾਲੀ ਦਮਦਮੇ ਵਾਲੀਆ ਤੱਕ ਇਹ ਖਬਰ ਪਹੁੰਚ ਗਈ, ਇਹਨਾਂ ਨੂੰ ਵਧਾਈ ਤੇ ਤੁਹਾਡਾ ਸੁਨੇਹਾ ।_ਅੰਮ੍ਰਿਤ ਪਵਾਰ।

ਗਣੇਸ਼ ਅਚਾਰੀਆ ਜੀ ਬਹੁਤ ਅੱਛੇ ਇਨਸਾਨ_ਨੇਹਾ ਰਾਜ



ਨੇਹਾ ਰਾਜ ਮਾਡਲ ਐਕਟ੍ਰੈਸ ਤੇ ਗਾਇਕਾ ਹੈ। ਕਈ ਈਵੈਂਟ ਓਹ ਸੰਗੀਤ ਦੇ ਕਰਦੀ ਹੈ ਤੇ ਫਿਲਮ ਖੇਤਰ ਵਿੱਚ ਓਹ ਆਪਣੇ ਸੰਪਰਕ ਵਧਾ ਰਹੀ ਹੈ।ਪ੍ਰਸਿੱਧ ਨਾਚ ਨਿਰਦੇਸ਼ਕ ਗਣੇਸ਼ ਅਚਾਰੀਆ ਜਿਹਨਾਂ ਦਾ ਕੰਮ ਇੰਡਸਟਰੀ ਫ਼ਿਲਮਾਂ ਦੀ ਸ਼ਲਾਘਾ ਯੋਗ ਮੰਨਦੀ ਹੈ ਨਾਲ ਨੇਹਾ ਮਿਲੀ ਤਾਂ ਬੋਲੀ ਕਿ ਓਸਦੀ ਤਕਦੀਰ ਅੱਛੀ ਹੈ ਕਿ ਗਣੇਸ਼ ਅਚਾਰੀਆ ਜੀ ਨਾਲ ਪਲ਼ ਮਿਲੇ ਤੇ ਓਹਨਾਂ ਨੇਹਾ ਨੂੰ ਮਿਹਨਤ ਕਰੋ, ਆਤਮ ਵਿਸ਼ਵਾਸ ਰੱਖਿਓ , ਲਗਨ ਨਾਲ ਕੰਮ ਕਰੋ ਕਾਮਯਾਬੀ ਮਿਲੇਗੀ ਬਾਬਤ ਸਮਝਾਇਆ ਤੇ ਓਹ ਇਹਨਾਂ ਗੱਲਾਂ ਤੇ ਚਲ ਰਹੀ ਹੈ।_ਅੰਮ੍ਰਿਤ ਪਵਾਰ।

ਸੁਮਨ ਭੱਟੀ ਦਾ ਟਰੈਕ ਚਲ ਗਿਆ _ਲਾਡੋ



ਮਖ਼ਮਲੀ ਆਵਾਜ਼ ਸੁਮਨ ਭੱਟੀ ਦਾ ਆਇਆ ਗਾਇਆ ਨਵਾਂ ਗੀਤ "ਲਾਡੋ" ਸੋਹਲ ਰਿਕਾਰਡਜ ਰਲੀਜ਼ ਕਰ ਖੁਸ਼ ਹੈ ਕਿਉਂ ਕਿ ਸੁਮਨ ਭੱਟੀ ਦੇ ਫੈਨ ਇਸ ਗਾਣੇ ਨੂੰ ਭਰਵੇਂ ਹੁੰਗਾਰੇ ਦੇ ਰਹੇ ਹਨ। ਜੱਗਾ ਚੌਂਕੀਮਾਨ ਨੇ ਰੂਹ ਨਾਲ "ਲਾਡੋ" ਨੂੰ ਪਾਲਿਆ ਹੈ ਅਰਥਾਤ ਲਿਖਿਆ ਹੈ ਤੇ ਸਟੇਟਕ ਦੇ ਸੰਗੀਤ ਨੇ ਆਪਣਾ ਕੰਮ ਮਿੱਠਾ ਸੰਗੀਤ ਦੇ ਪੂਰਾ ਕਰ ਦਿਖਾਇਆ ਹੈ।ਸੁਮਨ ਭੱਟੀ ਦੇ ਇਸ ਗੀਤ ਦਾ ਸਨਮ ਬਜਾਜ ਵੱਲੋਂ ਤਿਆਰ ਵੀਡੀਓ ਵੀ ਸ਼ਲਾਘਾ ਯੋਗ ਹੈ।ਪ੍ਰਭੂਸਿਮਰਨ ਕਾਹਲੋ ਤੇ ਚਾਹਤ ਦੀ ਮਾਡਲਿੰਗ ਦੇ ਨਾਲ ਨਾਲ ਵੀਡੀਓ ਵਿੱਚ ਰੁਹਾਬ ਤੇ ਨੀਤੂ ਦਾ ਕੰਮ ਵੀ ਹੈ।ਕਸ਼ਮੀਰ ਸਿੰਘ ਸੋਹਲ ਤੇ ਕੁਲਜੀਤ ਸਿੰਘ ਖਾਲਸਾ ਇਸ "ਲਾਡੋ " ਦੇ ਨਿਰਮਾਤਾ ਨੇ ਤੇ ਸੁਮਨ ਭੱਟੀ ਵਧਾਈ ਦੀ ਪਾਤਰ ਗੀਤ ਚਰਚਾ ਵਿੱਚ ਹੈ।_ਅੰਮ੍ਰਿਤ ਪਵਾਰ।

ਸਾਦਗੀ ਪਸੰਦ ਪੰਜਾਬੀ ਗਾਇਕੀ ਦਾ ਪ੍ਰੇਰਕ_ਦਿਲਬਾਗ ਹੁੰਦਲ



ਜਿਹੜੇ ਇਨਸਾਨ ਕੁੱਝ ਹੁੰਦੇ ਨੇ ਓਹ ਬੀ ਐਮ ਡਬਲਯੂ ਦੀਆਂ ਖਾਹਿਸ਼ਾਂ ਘੱਟ ਤੇ ਜ਼ਮੀਨ ਨਾਲ ਜੁੜੇ ਜਿਆਦਾ , ਜੇਕਰ ਵੱਡੀ ਗੱਡੀ ਰੱਬ ਦੇ ਵੀ ਦੇਵੇ ਤਾਂ ਓਹ ਵੱਡੀ ਵਰਕਸ਼ਾਪ ਨਹੀਂ ਰੋਡ ਤੇ ਪੈਂਦੀਆਂ ਦੁਕਾਨਾਂ ਤੋਂ ਸਹੀ ਕਰਵਾਉਣੀ ਤਾਂ ਕਿ ਆਮ ਬੰਦੇ ਨੂੰ ਰੁਜ਼ਗਾਰ ਮਿਲੇ।ਐਸੇ ਹੀ ਹਨ ਸਾਡੇ ਦਿਲਬਾਗ ਹੁੰਦਲ ਜਿਹੜੇ ਪੰਜਾਬੀ ਗਾਇਕ ਮੰਡੀ ਦੇ ਵੱਡੇ ਪ੍ਰੇਰਕ ਹਨ।ਪੂਰਬੀ ਪੱਛਮੀ ਪੰਜਾਬ ਚੜਦੇ ਲਹਿੰਦੇ ਪੰਜਾਬ ਦੇ ਪੰਜਾਬੀ ਸੰਗੀਤ ਨਾਲ ਪਿਆਰ ਇਹਨਾਂ ਦੇ ਕਲਾਕਾਰਾਂ ਨੂੰ ਪ੍ਰਚਾਰਿਤ ਕਰਨਾ ਦਿਲਬਾਗ ਹੁੰਦਲ ਦਾ ਕੰਮ ਹੈ। ਪਿਛਲੇ ਦਿਨੀਂ ਓਹਨਾਂ ਦਾ ਮੋਟਰ ਸਾਇਕਲ ਪੈਂਚਰ ਹੋਇਆ ਤਾਂ ਇਹਨਾ ਨੇ ਰੋਡ ਤੇ ਮੌਜੂਦ ਦੁਕਾਨ ਤੋਂ ਪੈਂਚਰ ਲੁਆ ਲਿਆ ਤੇ ਓਥੇ ਆਪਣੀ ਸੈਲਫੀ ਲਈ ਤੇ ਦੁਕਾਨਦਾਰ ਓਹਨਾਂ ਬਾਰੇ ਜਾਣ ਓਨਾ ਖੁਸ਼ ਹੋਇਆ ਜਿੰਨਾ ਕੋਈ ਵਾਧੂ ਡਾਲਰ ਲੈਣ ਬਾਅਦ ਹੁੰਦਾ।ਸਾਬਾਸ਼ ਦਿਲਬਾਗ ਹੁੰਦਲ ਪੰਜਾਬੀ ਸੰਗੀਤ ਦੀ ਸੇਵਾ ਤੇ ਇਨਸਾਨੀਅਤ ਦੀ ਸੇਵਾ ਨਾਲ ਵੰਡਣੀਆਂ ਖੁਸ਼ੀਆਂ ਸਾਬਾਸ਼।_ਅੰਮ੍ਰਿਤ ਪਵਾਰ।

ਤਿਆਰੀ ਹੈ ਨਵੀਂ ਫ਼ਿਲਮ ਦੀ ਇੰਤਜ਼ਾਰ ਕਰੋ ਰੂਹ ਸੰਘਾ



ਰੂਹ ਵਾਲੀ ਕੁੜੀ ਹੈ ਕਨੇਡੀਅਨ ਰੂਹ ਸੰਘਾ ਤੇ ਰੂਹ ਖੁਸ਼ ਹੁੰਦੀ ਹੈ ਇਸ ਰੂਹ ਦੀ ਆਵਾਜ਼ ਸੁਣ ਕਿ ਪੰਜਾਬੀ ਫ਼ਿਲਮ ਹੀਰੋਇਨ ਹੈ ਰੂਹ ਸੰਘਾ।ਰੂਹ ਦੀ ਫਿੱਟਨੈੱਸ ਪਿਆਰੀ ਹੈ, ਰੱਬ ਨੇ ਇੱਕ ਇੱਕ ਨਕਸ਼ ਘੜਿਆ ਏ ਰੀਝਾਂ ਨਾਲ ਤੇ "ਮਿੱਠਾ ਜ਼ਹਿਰ" ਵਾਲੀ ਰੂਹ ਆਖਦੀ ਹੈ ਧੰਨਵਾਦ ਰਾਜ ਬਲਵਿੰਦਰ ਕਾਲੀਆ ਦਾ, ਰਾਹੁਲ ਦਾ , ਅਨੂ ਕਾਲੀਆ ਦਾ ਜਿਹਨਾਂ ਨੇ ਬਹੁਤ ਪ੍ਰੇਮ ਨਾਲ ਓਹਨਾਂ ਤੋਂ ਕੰਮ ਲਿਆ।ਇਸ ਵੇਲੇ ਕੀ ਤਾਂ ਰੂਹ ਨੇ ਕਿਹਾ ਕਿ ਓਹ ਕੁੱਝ ਸਕ੍ਰਿਪਟ ਸੁਣ ਰਹੀ ਹੈ ਤੇ ਜਲਦੀ ਹੀ ਓਹ ਖੁਸ਼ਖਬਰੀ ਆਪਣੇ ਚਹੇਤਿਆਂ ਨੂੰ ਦੇਵੇਗੀ ।ਰੂਹ ਐਡ ਫ਼ਿਲਮਾਂ ਕਰੇ, ਰੂਹ ਵੱਡੇ ਵੱਡੇ ਫਿਲਮ ਸ਼ੋ ਕਰੇ ਤੇ ਰੂਹ ਵੈੱਬ ਸੀਰੀਜ਼ ਕਰੇ ਮੁੰਬਈ ਬਾਲੀਵੁੱਡ ਤੇ ਸਾਊਥ ਟਾਲੀਵੁੱਡ ਜਾਏ ਸ਼ੁੱਭ ਕਾਮਨਾਵਾਂ ਕਿਉ ਕਿ ਰੂਹ ਵਾਲੀ ਇਸ ਰੂਹ ਲਈ ਬਦੋ ਬਦੀ ਦੁਆਵਾਂ ਮੂੰਹੋਂ ਨਿੱਕਲ ਰਹੀਆਂ ਹਨ।_ਅੰਮ੍ਰਿਤ ਪਵਾਰ।

ਕਿੱਥੇ ਦੇਣ ਦੇਵਾਂਗੀ ਅਸ਼ੋਕ ਮਲਹੋਤਰਾ ਦਾ_ਤਨੂ ਕਪੂਰ



ਗੱਲ੍ਹਾਂ ਗੋਰੀਆਂ ਵਿੱਚ ਟੋਏ ਤਨੂ ਕਪੂਰ ਦੇ ਹਨ, ਮੁੱਖੜਾ ਚੰਨ ਵਰਗਾ ਤੇ ਉਚਾਈ ਲੰਬਾਈ ਕਯਾ ਬਾਤਾਂ ਤੇ ਦਿਲ ਮਾਂਗੇ ਮੋਰ ਕਿ ਇਸ ਸੁੰਦਰਤਾ ਦਾ ਲਾਭ ਮਿਲੇ ਤੇ ਤੇ ਤਨੂ ਕਪੂਰ ਨੂੰ ਚਾਂਦੀ ਦੀ ਥਾਲੀ ਵਿੱਚ ਸੋਨਾ ਪਰੋਸ ਮਿਲਣ ਵਾਲੀ ਗੱਲ ਕਿ ਸ਼ਾਈਨ ਵੁਡ ਮਿਊਜ਼ਿਕ ਪ੍ਰੋਡਕਸ਼ਨ ਦੀ ਹਿੰਦੀ ਫ਼ਿਲਮ "ਦਾ ਡਾਰਕ ਸ਼ੈਡੋ" ਦੀ ਓਹ ਹੀਰੋਇਨ ਬਣ ਗਈ।ਦੱਸਦੀ ਹੈ ਕਿ ਓਸ ਦੀ ਖੁਸ਼ੀ ਤਦ ਸੱਤਵੇਂ ਅਸਮਾਨ ਤੇ ਨੱਚੀ ਜਦ ਡਾਇਰੈਕਟਰ ਅਸ਼ੋਕ ਮਲਹੋਤਰਾ ਦੀ ਕਾਲ ਆਈ ਕਿ ਆਓ ਸਕ੍ਰਿਪਟ ਸੁਣਿਓ ਤੇ ਜਦ ਸਕ੍ਰਿਪਟ ਵਧੀਆ ਲੱਗੀ ਤਦ ਅਸ਼ੋਕ ਮਲਹੋਤਰਾ ਨੇ ਕਿਹਾ ਕਰੇ ਸਾਈਨ ਤਨੂ ਕਪੂਰ ਫਿਲਮ ਦੀ ਹੀਰੋਇਨ ਹੈ।ਤਨੂ ਕਪੂਰ ਹੁਣ ਰਤਨ ਔਲਖ, ਪਰਮਜੀਤ ਪੱਲੂ, ਸਾਜਨ ਕਪੂਰ ਨਾਲ ਇਹ ਫ਼ਿਲਮ ਕਰ ਰਹੀ ਹੈ ਤੇ ਆਖਦੀ ਹੈ ਸਦਾ ਓਹ ਧੰਨਵਾਦੀ ਰਹੂ ਅਸ਼ੋਕ ਮਲਹੋਤਰਾ ਦੀ ਜਿਸ ਐਡਾ ਵੱਡਾ ਦਿੱਤਾ ਹੈ 'ਤੋਹਫਾ।ਅੰਮ੍ਰਿਤ ਪਵਾਰ।

ਬਣੇਗੀ ਸਟਾਰ ਗਾਇਕਾ ਤੇ ਫ਼ਿਲਮ ਨਾਇਕਾ_ਨੈਨਾ ਲਾਯਾਲ



ਯੈਨ ਜੀ ਨੈਨਾ ਲਾਇਲ ਆਪ ਹੈ ਤੇ ਇਸ ਯੈਨ ਜੀ ਲਈ ਓਹ ਗਾ ਕਿ ਖੁਸ਼ ਹੈ।ਨੈਨਾ ਦੇ ਗਾਏ ਗੀਤ ਜਵਾਨ ਸਰੋਤਿਆਂ ਤੇ ਦਰਸ਼ਕਾਂ ਲਈ ਹਨ ਤੇ ਆਖਦੀ ਹੈ ਨੈਨਾ ਓਹ ਓਹਨਾਂ ਯੇਨ ਜੀ ਦੀ ਹੀ ਗਾਇਕਾ ਹੈ।ਨੈਨਾ ਦੇ ਬਹੁਤ ਸਾਰੇ ਪੰਜਾਬੀ ਟਰੈਕ ਆਏ ਨੇ ਤੇ ਹੁਣ ਨਵਾਂ ਬੈਸਟ ਬੀਟ ਪੌਪ ਗਾਣਾ ਆਉਣ ਲਈ ਤਿਆਰ ਹੋ ਰਿਹਾ ਹੈ।ਚੰਦਰਮਾ ਦੀ ਚਾਂਦਨੀ ਜਿਹਾ ਓਸ ਦਾ ਚਿਹਰਾ , ਰੰਗ ਦੇਖ ਦੁੱਧ ਦਾ ਰੰਗ ਫਿੱਕਾ ਪਏ ਐਨੀ ਸੋਹਣੀ ਗੋਰੀ ਹੈ ਨੈਨਾ। ਨੈਨਾ ਤੇ ਨਿੱਕੀਆਂ ਜਮਾਤਾਂ ਚ ਹੀ ਜਦ ਗੀਤ ਗਾਉਂਦੀ ਤਦ ਮਹਿਸੂਸ ਹੋਇਆ ਵੱਡੀ ਹੋ ਆਰਟਿਸਟ ਬਣੇਗੀ, ਪਿਤਾ ਨੇ ਖੁਦ ਹਰਮੋਨੀਅਮ ਲਿਆ ਕਿ ਦਿੱਤਾ।ਨੈਨਾ ਮਿਊਜ਼ਿਕ ਦੀ ਮਾਸਟਰ ਡਿਗਰੀ, ਗ੍ਰੈਜੂਏਸ਼ਨ ਸੰਗੀਤ ਦੀ ਤੇ ਨੈਨਾ ਟੋਪ ਮਾਡਲ ਕਿ ਬ੍ਰਾਂਡ ਅੰਬੈਸਡਰ ਤੱਕ ਹੈ ਤੇ ਸੋਨੂੰ ਨਿਗਮ ਨਾਲ ਪਲੇ ਬੈਕ ਵੀ ਕਰ ਲਿਆ ਹੈ।ਬਸ ਥੋੜ੍ਹਾ ਇੰਤਜ਼ਾਰ ਕਰੋ ਦਿੱਲੀ ਗਰਲ ਨੈਨਾ ਲਾਯਲ ਬਾਲੀਵੁੱਡ ਫਿਲਮਾਂ, ਪੰਜਾਬੀ ਫ਼ਿਲਮਾਂ ਵਿੱਚ ਹੀਰੋਇਨ ਬਣ ਨਜ਼ਰ ਆਏਗੀ, ਗਾਇਕਾ ਏ ਤਾਂ ਪਲੇ ਬੈਕ ਵੀ ਕਰੇਗੀ ਤੇ ਸੁਪਨੇ ਬਹੁਤ ਵੱਡੇ ਨੇ ਨੈਨਾ ਦੇ ਆਤਮਵਿਸ਼ਵਾਸ ਪੂਰਾ ਕਿ 2027 ਇਹਨਾਂ ਦਿਨਾਂ ਵਿੱਚ ਨੈਨਾ ਨੈਨਾ ਹੋ ਜਾਏਗੀ ਕਸ਼ਮੀਰ ਤੋਂ ਕੰਨਿਆਕੁਮਾਰੀ ਤੱਕ ਤੇ ਜਲਦੀ ਨੈਨਾ ਦਾ ਫੁੱਲ ਇੰਟਰਵਿਊ ਆਪ ਤੱਕ।_ਅੰਮ੍ਰਿਤ ਪਵਾਰ।

ਕੁਲਵੰਤ ਸਿੰਘ ਦੀ ਅੰਤਿਮ ਅਰਦਾਸ ਤੇਰਾਂ ਨੂੰ _ਸੁੱਖ ਚਮਕੀਲਾ



ਗਾਇਕ ਸੁੱਖ ਚਮਕੀਲਾ ਨੂੰ ਗਾਇਕੀ ਵਿੱਚ ਉਤਸ਼ਾਹ ਦੇਣ ਵਾਲੇ ਓਹਨਾਂ ਦੇ ਵੱਡੇ ਵੀਰ ਕੁਲਵੰਤ ਸਿੰਘ ਇਸ ਦੁਨੀਆਂ ਦਾ ਆਪਣਾ ਸਫ਼ਰ ਪੂਰਾ ਕਰ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਨੇ ਤੇ ਪਿੱਛੇ ਪਰਿਵਾਰ ਓਹਨਾਂ ਦੀ ਰੂਹ ਕਲਿਆਣਤਾਂ ਲਈ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਉਪਰੰਤ ਅੰਤਿਮ ਅਰਦਾਸ ਮੌਕੇ ਸ਼ਰਧਾ ਫੁੱਲ ਅਰਪਿਤ ਕਰੇਗਾ ਤੇ ਅਰਦਾਸ ਵਾਹਿਗੁਰੂ ਰੂਹ ਦੀ ਸ਼ਾਂਤੀ , ਟੇਢੀ ਮੇਢੀ ਜੂਨਾਂ ਤੋਂ ਛੁਟਕਾਰਾ।ਗੁਰਦੁਆਰਾ ਗੁਰਦਰਸ਼ਨ ਸਾਹਿਬ, ਬਚਿਤ੍ਰ ਨਗਰ ਦੀ ਗਲੀ ਇੱਕ , ਸਾਹਮਣੇ ਜੀ ਐਨ ਈ ਕਾਲਜ ਸੂਆ ਰੋਡ , ਲੁਧਿਆਣਾ ਵਿਖੇ ਗੁਰਮਰਯਾਦਾ ਨਾਲ ਅੰਤਿਮ ਅਰਦਾਸ ਚ ਸ਼ਾਮਿਲ ਹੋਣ ਲਈ ਸੁੱਖ ਚਮਕੀਲਾ ਨੇ ਕਲਾਕਾਰੀ ਭਾਈਚਾਰੇ ਨੂੰ ਬੇਨਤੀ ਕੀਤੀ ਹੈ।ਓਹਨਾਂ ਆਪਣੇ ਭਤੀਜੇ ਜਗਦੀਪ ਸਿੰਘ ਬੇਟੇ ਸਵਰਗੀ ਕੁਲਵੰਤ ਸਿੰਘ ਨੂੰ ਧਰਵਾਸ ਦੇ ਗੁਰੂ ਭਾਣਾ ਮਿੱਠਾ ਕਰਕੇ ਮੰਨਣ ਦੀ ਅਰਜ਼ ਕੀਤੀ ਹੈ ਸੁੱਖ ਚਮਕੀਲਾ ਨੇ ਕਿਹਾ ਕਿ ਭਰਾ ਬਾਹਵਾਂ ਹੁੰਦੇ ਨੇ ਤੇ ਇਹ ਦੁੱਖ ਬਹੁਤ ਪਰ ਹੁਕਮ ਕੁਦਰਤ ਦਾ ਹੈ।_ਅੰਮ੍ਰਿਤ ਪਵਾਰ।